15-Jan-Sunday.qxd 1/14/2023 10:22 PM Page 1

ਹਰਬਖਸ਼ ਮਕਸੂਦਪੁਰੀ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 15 ਜਨਵਰੀ 2023

www.nawanzamana.in

ਕੀਮਤ 5.00 ਰੁਪਏ

ਜਦੋਂ ਆਦਮੀ ਮਰ ਜਾਂਦਾ ਹੈ
ਉਹ ਕੁਝ ਨਹੀਂ ਸੋਚਦਾ
ਉਹ ਕੁਝ ਨਹੀਂ ਬੋਲਦਾ
ਕੁਝ ਨਾ ਸੋਚਣ 'ਤੇ
ਕੁਝ ਨਾ ਬੋਲਣ 'ਤੇ
ਆਦਮੀ ਮਰ ਜਾਂਦਾ ਹੈ।
- ਉਦੈ ਪ੍ਰਕਾਸ਼

ਇਤਿਹਾਸ ਦੇ ਸਫ਼ੇ ਤੋਂ

ਭਜਨ ਸਿੰਘ

ਸੁਖੀ ਵਸੀਂ ਓਹ ਦੇਸ ਅਸਾਡਿਆ !

1857 ਈ. ਦੇ ਗ਼ਦਰ ਦਾ ਇਤਿਹਾਸ ਲਿਖਣ ਵਾਲੇ ਇਤਿਹਾਸਕਾਰਾਂ ਨੇ ਪੰਜਾਬੀਆਂ ਦੀ ਸ਼ਮੂਲੀਅਤ ਇਤਿਹਾਸ ਵਿੱਚ ਇੰਜ ਪੇਸ਼ ਕੀਤੀ ਹੈ, ਜਿਵੇਂ ਉਨ੍ਹਾਂ ਦੇਸ਼ ਨਾਲ ਗ਼ੱਦਾਰੀ ਕੀਤੀ ਹੋਵੇ। ਆਮ ਧਾਰਨਾ ਹੀ ਬਣ ਗਈ ਕਿ 1857 ਈ. ਵਿੱਚ ਜੇਕਰ ਪੰਜਾਬ ਨੇ ਬਰਤਾਨਵੀ ਬਸਤੀਕਾਰਾਂ ਦੀ ਮਦਦ ਨਾ ਕੀਤੀ ਹੁੰਦੀ ਤਾਂ ਭਾਰਤ ਦਾ ਇਤਿਹਾਸ ਕੁਝ ਹੋਰ ਹੁੰਦਾ। ਬਿਨਾਂ ਇਤਿਹਾਸਕ ਤੱਥਾਂ ਦੀ ਪੁਣ-ਛਾਣ ਕੀਤੇ, ਬਰਤਾਨੀਆ ਇਤਿਹਾਸਕਾਰਾਂ ਤੇ ਕੁਝ ਭਾਰਤੀ ਲੇਖਕਾਂ ਵੀ ਇਹ ਧੱਬਾ ਪੰਜਾਬੀਆਂ 'ਤੇ ਪੁਰਜ਼ੋਰ ਲਾਇਆ। ਦਰਅਸਲ ਇਸ ਲੜਾਈ ਨੇ ਪੰਜਾਬੀਆਂ 'ਤੇ ਦੋਹਰਾ ਹਮਲਾ ਕੀਤਾ। ਪਹਿਲਾ ਬਸਤੀਕਾਰਾਂ ਦਾ 1857 ਈ. ਦੇ ਵਰ੍ਹੇ ਸਮੇਂ ਪੰਜਾਬੀਆਂ 'ਤੇ ਬੇਇੰਤਹਾ ਤਸ਼ੱਦਦ, ਦੂਜਾ ਇਤਿਹਾਸਕਾਰਾਂ ਨੇ ਜ਼ੁਲਮ ਸਹਿੰਦਿਆਂ ਸ਼ਹੀਦ ਹੋ ਗਏ ਪੰਜਾਬੀਆਂ ਨਾਲ ਨਿਆਂ ਨਹੀਂ ਕੀਤਾ। ਇੱਥੇ ਇਤਿਹਾਸਕਾਰ ਇੱਕਪਾਸੜ ਭੁਗਤੇ, ਪਰ ਲੋਕ ਪਰੰਪਰਾ ਅਤੇ ਲੋਕ ਸਿਮਰਤੀ ਵਿੱਚ ਉਸ ਦੌਰ ਦੇ ਨਾਇਕਾਂ ਨੂੰ ਖ਼ਾਸ ਜਗ੍ਹਾ ਮਿਲੀ। ਬਦਰੀ ਨਾਰਾਇਣ ਲਿਖਦੇ ਹਨ ਕਿ "ਲੋਕ ਸੰਸਕ੍ਰਿਤੀ, ਮੌਖਿਕ ਸ੍ਰੋਤ, ਲੋਕ ਕਥਾਵਾਂ, ਮੁਹਾਵਰਿਆਂ ਦਾ ਪਿਛਲੇ ਦਿਨਾਂ ਵਿਚ 1857 ਦਾ ਇਤਿਹਾਸ ਲਿਖਣ ਵਿੱਚ ਮਹੱਤਵਪੂਰਨ ਰੂਪ ਵਿੱਚ ਪ੍ਰਵੇਸ਼ ਹੋਇਆ ਹੈ। ਇਸ ਪ੍ਰਵੇਸ਼ ਨਾਲ ਨਾ ਸਿਰਫ਼ ਸੰਘਰਸ਼ ਦੀ ਨਵੀਂ ਕਹਾਣੀ ਉੱਭਰੀ ਹੈ, ਬਲਕਿ ਅਨੇਕ ਜਨ-ਨਾਇਕ ਉੱਭਰ ਕੇ ਸਾਹਮਣੇ ਆਏ ਹਨ। ਝਾਂਸੀ ਦੀ ਰਾਣੀ ਦੇ ਨਾਲ-ਨਾਲ ਝਲਕਾਰੀ ਬਾਈ ਅਤੇ ਉਦਾ ਦੇਵੀ, ਨਾਨਾ ਸਾਹਿਬ ਦੀ ਕਹਾਣੀ ਦੇ ਨਾਲ-ਨਾਲ ਗੰਗੂ ਬਾਬਾ ਅਤੇ ਮੈਨਾਵਤੀ, ਕੁੰਵਰ ਸਿੰਘ ਦੀ ਕਹਾਣੀ ਵਿੱਚ ਹਰਿਕਿਸ਼ਨ ਸਿੰਘ, ਨਿਸ਼ਾਨ ਸਿੰਘ, ਦਿਲਾਵਰ ਖਾਂ, ਰੰਜੀਤ ਰਾਮ, ਰਹੀਮ ਖ਼ਾਂ ਜਿਹੇ ਨਾਇਕ ਉੱਭਰ ਕੇ ਸਾਹਮਣੇ ਆਏ ਹਨ। ਅਨੇਕ ਵੇਸਵਾਵਾਂ ਜਿਵੇਂ ਧਰਮਨ ਬੀਬੀ, ਅਜੀਵਨ ਬਾਈ, ਸੁੰਦਰ ਵੇਸਵਾ ਜਿਹੀਆਂ ਅਨੇਕ ਇਸਤਰੀਆਂ 1857 ਦੇ ਸੰਘਰਸ਼ ਦੇ ਇਤਿਹਾਸ ਵਿੱਚ ਮਹੱਤਵਪੂਰਨ ਭਾਗੀਦਾਰੀ ਦੀ ਮੰਗ ਕਰਨ ਲੱਗੀਆਂ ਹਨ।"



ਐਸੇ ਕਈ ਅਣਗੌਲੇ ਪਾਤਰਾਂ ਦਾ ਜ਼ਿਕਰ ਲੋਕ ਸਾਹਿਤ ਵਿੱਚ ਹੋਇਆ ਮਿਲਦਾ ਹੈ। ਪੰਜਾਬ ਵਿੱਚ ਜਿਨ੍ਹਾਂ ਨਾਇਕਾਂ ਨੂੰ ਬਰਤਾਨਵੀ ਹਕੂਮਤ ਚੋਰ, ਠੱਗ, ਡਾਕੂ ਆਦਿ ਵਿਸ਼ੇਸ਼ਣ ਦੇ ਕੇ ਭੰਡਦੀ ਸੀ ਅਤੇ ਸਰਕਾਰ ਪੱਖੀ ਇਤਿਹਾਸਕਾਰ ਉਨ੍ਹਾਂ ਦਾ ਜ਼ਿਕਰ ਤੱਕ ਇਤਿਹਾਸ ਵਿੱਚ ਕਰਨਾ ਨਹੀਂ ਸਨ ਚਾਹੁੰਦੇ, ਉਹ ਦਰਅਸਲ ਬਰਤਾਨਵੀ ਬਸਤੀਕਾਰਾਂ ਨੂੰ ਭਾਰਤ 'ਚੋਂ ਖਦੇੜਨ ਦਾ ਤਹੱਈਆ ਕਰੀ ਬੈਠੇ ਸਨ। ਭਾਈ ਮਹਾਰਾਜ ਸਿੰਘ ਦੀ ਕੁਰਬਾਨੀ, ਨਾਮਧਾਰੀ ਲਹਿਰ ਦਾ ਸੰਘਰਸ਼, ਸ਼ਾਮ ਦਾਸ ਫਕੀਰ, ਲੁਧਿਆਣੇ ਦੇ ਗੁੱਜਰਾਂ ਦਾ ਵਿਦਰੋਹ, ਰਾਮ ਸਿੰਘ ਪਠਾਣੀਆਂ ਆਦਿ ਉਹ ਲੋਕ ਹਨ, ਜਿਨ੍ਹਾਂ ਨੇ ਬਰਤਾਨਵੀ ਬਸਤੀਕਾਰਾਂ ਖਿਲਾਫ਼ ਪ੍ਰਚੰਡ ਯੁੱਧ ਲੜਿਆ। ਐਸੀ ਹੀ ਬਗਾਵਤ ਅਜੋਕੇ ਪਾਕਿਸਤਾਨ (ਪੱਛਮੀ ਪੰਜਾਬ) ਦੇ ਖਿੱਤੇ ਸਾਂਦਲ ਬਾਰ ਅਤੇ ਨੀਲੀ ਬਾਰ ਵਿਚ ਹੋਈ। ਇਸ ਬਗ਼ਾਵਤ ਦਾ ਸਰਕਾਰ ਪੱਖੀ ਕਿਸੇ ਇਤਿਹਾਸਕਾਰ ਨੇ ਜ਼ਿਕਰ ਤੱਕ ਨਹੀਂ ਕੀਤਾ, ਪਰ ਇਸ ਦਾ ਜ਼ਿਕਰ ਬਾਰ ਦੇ ਢੋਲਿਆਂ ਵਿੱਚ ਹੋਇਆ ਮਿਲਦਾ ਹੈ।

1857 ਈਸਵੀ ਦੇ ਗ਼ਦਰ ਸਮੇਂ ਪੰਜਾਬ ਦੇ ਖਰਲ ਕਬੀਲੇ ਨੇ ਬਰਤਾਨਵੀ ਬਸਤੀਵਾਦ ਖਿਲਾਫ਼ ਬਗ਼ਾਵਤ ਕਰ ਦਿੱਤੀ। ਇਹ ਬਾਗ਼ੀ ਸਾਂਦਲ ਬਾਰ ਅਤੇ ਨੀਲੀ ਬਾਰ ਦੇ ਸਨ। ਸਾਂਦਲ ਬਾਰ ਅਜੋਕੇ ਪਾਕਿਸਤਾਨੀ ਪੰਜਾਬ ਦੇ ਝਨਾਂ ਅਤੇ ਰਾਵੀ ਦਰਿਆਵਾਂ ਦੇ ਵਿਚਕਾਰਲਾ ਖੇਤਰ ਹੈ। ਇਹ ਰਚਨਾ ਦੁਆਬ ਦੇ ਦੱਖਣੀ ਹਿੱਸੇ ਵਾਲਾ ਖਿੱਤਾ ਹੈ। ਇਹ ਲੱਗਭੱਗ 40 ਮੀਲ ਚੌੜਾ (ਪੱਛਮ ਤੋਂ ਪੂਰਬ) ਅਤੇ 80 ਮੀਲ ਲੰਮਾ (ਉੱਤਰ ਤੋਂ ਦੱਖਣ) ਵਿੱਚ ਫੈਲਿਆ ਹੋਇਆ ਖੇਤਰ ਹੈ। ਪਹਿਲਾਂ ਇਸ ਪੱਟੀ ਦਾ ਲੱਗਭੱਗ ਸਾਰਾ ਹਿੱਸਾ ਝੰਗ ਜ਼ਿਲ੍ਹੇ ਦਾ ਹਿੱਸਾ ਹੁੰਦਾ ਸੀ, ਪਰ ਅੱਜਕੱਲ੍ਹ ਇਹ ਫ਼ੈਸਲਾਬਾਦ, ਝੰਗ ਅਤੇ ਟੋਭਾ ਟੇਕ ਸਿੰਘ ਜ਼ਿਲ੍ਹਿਆਂ ਵਿੱਚ ਵੰਡਿਆ ਹੋਇਆ ਹੈ। ਨੀਲੀ ਬਾਰ, ਰਾਵੀ ਅਤੇ ਸਤਲੁਜ ਦਰਿਆਵਾਂ ਵਿਚਕਾਰਲਾ ਖਿੱਤਾ ਹੈ। ਇਸ ਖੇਤਰ ਵਿੱਚ ਪ੍ਰਮੁੱਖ ਸ਼ਹਿਰ ਸਾਹੀਵਾਲ, ਓਕਾਟਾ ਅਤੇ ਪਾਕਪਟਨ ਹਨ।

ਰਾਵੀ ਦਰਿਆ ਦੇ ਉਰਲੇ ਪਾਸੇ ਨੀਲੀ ਬਾਰ ਅਤੇ ਪਰਲੇ ਪਾਸੇ ਵਾਲੀ ਸਾਂਦਲ ਬਾਰ ਦੇ ਕਬੀਲੇ ਖਰਲਾਂ, ਵੱਟੂਆਂ ਸਿਆਲਾਂ, ਭੱਟੀਆਂ, ਜ਼ੋਇਆਂ, ਫਤਿਆਣਿਆਂ ਆਦਿ ਨੇ ਅੰਗਰੇਜ਼ ਹਕੂਮਤ ਖ਼ਿਲਾਫ਼ ਵਿਦਰੋਹ ਕਰ ਦਿੱਤਾ। ਇਸ ਦਾ ਮੁੱਖ ਕਾਰਨ ਬਣਿਆ ਪੰਜਾਬ ਉੱਤੇ ਸਥਾਪਤ ਹੋਣ ਮਗਰੋਂ ਅੰਗਰੇਜ਼ਾਂ ਨੇ ਜਦੋਂ ਇਨ੍ਹਾਂ ਕਬੀਲਿਆਂ 'ਤੇ ਵੀ ਆਪਣਾ ਨਾਦਰਸ਼ਾਹੀ ਫੁਰਮਾਨ ਲਾਗੂ ਕਰਨ ਦਾ ਯਤਨ ਕੀਤਾ ਤਾਂ ਇਨ੍ਹਾਂ ਦਾ ਮੁਖੀ ਅਹਿਮਦ ਖ਼ਾਂ ਖਰਲ ਸਾਫ਼ ਇਨਕਾਰੀ ਹੋ ਗਿਆ। ਦੂਸਰੇ ਪਾਸੇ ਜਦੋਂ ਅਹਿਮਦ ਖ਼ਾਂ ਖਰਲ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਦਿੱਲੀ ਉੱਤੇ ਬਾਗ਼ੀਆਂ ਨੇ ਹਮਲਾ ਕਰ ਦਿੱਤਾ ਹੈ ਤੇ ਉਹ ਬਹਾਦਰ ਸ਼ਾਹ ਜ਼ਫ਼ਰ ਨੂੰ ਰਾਜਗੱਦੀ 'ਤੇ ਬਿਠਾਉਣਾ ਚਾਹੁੰਦੇ ਹਨ ਤਾਂ ਇਨ੍ਹਾਂ ਕਬੀਲਿਆਂ ਨੇ ਵੀ ਪੰਜਾਬ ਵਿਚ ਬਰਤਾਨਵੀ ਸਰਕਾਰ ਨੂੰ ਲਲਕਾਰ ਦਿੱਤਾ।

ਖਰਲ ਕਬੀਲੇ ਦਾ ਆਗੂ ਅਹਿਮਦ ਖ਼ਾਂ ਖਰਲ ਜ਼ਿਲ੍ਹਾ ਟੋਭਾ ਟੇਕ ਸਿੰਘ ਦੇ ਝਾਮਰਾ ਪਿੰਡ ਦਾ ਰਹਿਣ ਵਾਲਾ ਸੀ। ਰਾਵੀ ਦਰਿਆ ਦੇ ਕੰਢੇ ਦੇ ਦੋਵੇਂ ਪਾਸੇ ਦੇ ਲੋਕਾਂ ਦਾ ਉਹ ਹਰਮਨ ਪਿਆਰਾ ਆਗੂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਇਨ੍ਹਾਂ ਦੀ ਆਜ਼ਾਦ ਹੈਸੀਅਤ ਨੂੰ ਕਦੇ ਨਹੀਂ ਵੰਗਾਰਿਆ, ਸਗੋਂ ਇਨ੍ਹਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਸੰਬੰਧ ਸਨੇਹ-ਪੂਰਵਕ ਸਨ। ਅਜਿਹਾ ਲੋਕ ਪਰੰਪਰਾ ਵਿੱਚੋਂ ਮਿਲਦੇ ਢੋਲਿਆਂ ਵਿੱਚੋਂ ਵੇਖਿਆ ਜਾ ਸਕਦਾ ਹੈ-

ਅੱਗੇ ਵੀ ਨਾਲ ਹਕੂਮਤ ਦੇ ਉਹ ਲੈਂਦਾ ਮੋਰਚੇ
ਉਸ ਤੋਂ ਵਲਾ ਕੇ ਲੰਘ ਜਾਂਦਾ
ਰਣਜੀਤ ਸਿੰਘ ਨਿਮਾਣਾ
ਉਨ੍ਹਾਂ ਖਰਲਾਂ ਅੱਗੇ ਵੈਰ ਮਿਰਜ਼ੇ ਖਾਨ ਦਾ ਜਾਲਿਆ ਹਈ
ਸਿਆਲਾਂ ਤੋਂ ਚੁੱਕੇ ਹਾਨੀਂ ਵਗ ਪੁਰਾਣੇ
ਉਹਨਾਂ ਖਰਲਾਂ ਆ ਕੇ ਜੰਗ
ਅਕਬਰ ਬਾਦਸ਼ਾਹ ਨਾਲ ਵੀ ਕੀਤਾ ਹਈ
ਮੈਦਾਨੋਂ ਕਦੀ ਨਾ ਉਹ ਡੋਲਾਨੇ
ਅਹਿਮਦ ਆਂਹਦਾ ਹੈ:
ਮੁਹਰਾਂ ਲਈਆਂ ਹਨ ਸੁਲਤਾਨ ਸਿਕੰਦਰ ਦੀਆਂ
ਓਥੋਂ ਦੇ ਮਾਲ ਅਸਾਹਾਂ।

ਸਾਂਦਲ ਬਾਰ ਦੇ ਇਹ ਉਹੀ ਸੂਰੇ ਹਨ, ਜਿਨ੍ਹਾਂ ਦੇ ਵਡਿੱਕਿਆਂ ਨੇ ਕਿਸੇ ਸਮੇਂ ਸਿਕੰਦਰ ਬਾਦਸ਼ਾਹ ਨੂੰ ਰੋਕਿਆ ਸੀ, ਕਿਸੇ ਦੌਰ ਵਿੱਚ ਅਕਬਰ ਬਾਦਸ਼ਾਹ ਨੂੰ ਵੰਗਾਰਿਆ ਸੀ। ਰਾਜਾ ਪੋਰਸ, ਜਸਰਤ ਖੋਖਰ, ਦੁੱਲਾ ਭੱਟੀ ਆਦਿ ਨਾਇਕ ਇਨ੍ਹਾਂ ਦੇ ਹੀ ਵਡਿੱਕੇ ਸਨ। ਜਦੋਂ 1857 ਈ. ਦੇ ਗ਼ਦਰ ਨੂੰ ਦਬਾਉਣ ਵਾਸਤੇ ਪੰਜਾਬ ਗਵਰਨਰ ਜਨਰਲ ਜਾਨ ਲਾਰੈਂਸ ਦੇ ਹੁਕਮ ਨਾਲ ਆਰਜ਼ੀ ਫ਼ੌਜੀ ਭਰਤੀ ਕੀਤੀ ਜਾ ਰਹੀ ਸੀ ਤਾਂ ਓਦੋਂ ਅੰਗਰੇਜ਼ ਅਧਿਕਾਰੀ ਬਰਕਲੇ ਅਹਿਮਦ ਖ਼ਾਂ ਖਰਲ ਕੋਲ ਵੀ ਪਹੁੰਚਿਆ। ਉਸ ਕੋਲੋਂ ਫ਼ੌਜ ਵਿੱਚ ਭਰਤੀ ਕਰਨ ਲਈ ਰੰਗਰੂਟ ਅਤੇ ਘੋੜਿਆਂ ਦੀ ਮੰਗ ਕੀਤੀ ਤਾਂ ਅੱਗੋਂ ਅਹਿਮਦ ਖ਼ਾਂ ਖਰਲ ਨੇ ਇਹ ਕਹਿੰਦਿਆਂ ਨਾਂਹ ਕੀਤੀ ਕਿ ਸਾਡੇ ਵਿੱਚ ਪਤਨੀ, ਧਰਤੀ ਤੇ ਘੋੜੀ ਸਾਂਝੀ ਕਰਨ ਦੀ ਰਵਾਇਤ ਨਹੀਂ ਹੈ। ਢੋਲਿਆਂ ਵਿੱਚ ਮਿਲਦਾ ਹੈ-

ਅੰਗਰੇਜ਼ ਬਰਕਲੀ ਆਂਹਦਾ ਹੈ:
ਰਾਏ ਅਹਿਮਦ ਦੇਵੀਂ ਘੋੜੀਆਂ
ਤੇਰੀ ਲੰਦਨੋਂ ਲਿਖ ਲਿਆਵਸਾਂ ਨੇਕਨਾਮੀ।
ਰਾਏ ਅਹਿਮਦ ਆਂਹਦਾ:
ਰੰਨਾਂ, ਭੋਇੰ ਤੇ ਘੋੜੀਆਂ ਵੰਡ ਕਿਸੇ ਨਾ ਦਿੱਤੀਆਂ
ਹੁੰਦੀਆਂ ਬਤ ਦੇ ਵਿੱਚ ਸ਼ਾਹ ਸਲਾਮੀ।

ਰਾਏ ਅਹਿਮਦ ਅਤੇ ਉਸ ਦੇ ਸਾਥੀ ਸਾਰੰਗ ਨੇ ਅੰਗਰੇਜ਼ ਬਰਕਲੇ ਨੂੰ ਸਾਫ਼ ਇਨਕਾਰ ਕਰ ਦਿੱਤਾ ਕਿ ਅਸਾਂ ਨਾ ਤਾਂ ਜਵਾਨ ਦੇਣੇ ਹਨ ਅਤੇ ਨਾ ਹੀ ਘੋੜੀਆਂ। ਉਹ ਵਾਪਸ ਆਪਣੇ ਪਿੰਡ ਝਾਮਰੇ ਆ ਗਏ। ਮਗਰੋਂ ਕੈਪਟਨ ਅਲਿਫਿਨਸਟੋਨ ਅਤੇ ਬਰਕਲੇ ਨੇ ਰਾਵੀ ਦੇ ਕੰਢਿਆਂ ਉੱਪਰ ਇਨ੍ਹਾਂ ਦੇ ਕਬੀਲਿਆਂ 'ਤੇ ਹਮਲਾ ਕਰ ਦਿੱਤਾ। ਅੰਗਰੇਜ਼ਾਂ ਨੇ ਰਾਵੀ ਦੇ ਦੋਹੀਂ ਪਾਸੀਂ ਵਸਦੇ ਇਨ੍ਹਾਂ ਕਬੀਲਿਆਂ ਦੇ ਘਰਾਂ ਨੂੰ ਅੱਗਾਂ ਲਾ ਦਿੱਤੀਆਂ। ਫ਼ਕੀਰਾਂ ਦੀਆਂ ਖਾਨਗਾਹਾਂ ਤੱਕ ਨੂੰ ਸਾੜ ਦਿੱਤਾ। ਕਵੀ ਕਹਿੰਦਾ ਹੈ-

ਕੱਧੀ ਦਰਿਆਵਾਂ ਦੇ ਉਤੇ
ਅੰਗਰੇਜ਼ ਝੁਗੇ ਜਪੀਆਂ ਦੇ ਫੂਕ ਮਵਾਤੇ ਹੈਨ ਬਾਲੇ
ਅੱਗਾਂ ਲਾਈ ਅੱਗ ਮਸਤਾਨੇ ਫ਼ਕੀਰ ਨੂੰ
ਝਗੜੇ ਓਹਦੇ ਵੀ ਚਾਹੋਂ ਸਾਡੇ
ਆਖੇ: ਅੱਗ ਝਾਮਰੇ ਵੀ ਲਾਵਣੀ
ਨਾਲੇ ਛਡਣੇ ਢਾਹ ਚੁਬਾਰੇ।

ਇਸ ਸਮੇਂ ਹਿਸਾਰ ਜੇਲ੍ਹ ਦੇ ਦੋ ਮਸ਼ਹੂਰ ਬਾਗੀ ਹਾਸਲ ਖ਼ਾਨ ਤੇ ਹਸ਼ਮਤ ਖ਼ਾਨ ਬਾਰ ਦੇ ਬਾਗ਼ੀਆਂ ਦੇ ਇਮਦਾਦੀ ਬਣ ਗਏ। ਹਾਸਲ ਖ਼ਾਨ ਵੇਸ ਵਟਾ ਕੇ ਬਹਾਵਲਪੁਰ ਦੇ ਨਵਾਬ ਦਾ ਮੁਲਾਜ਼ਮ ਹੋ ਗਿਆ। ਇਹ ਦੋਵੇਂ ਅਹਿਮਦ ਖ਼ਾਨ ਖਰਲ ਤੇ ਮੁਰਾਦ ਫਤਿਆਣਾ ਦੇ ਸਲਾਹੂ ਸਨ। ਹਾਸਲ ਖ਼ਾਨ ਬਹਾਵਲਪੁਰ ਦੇ ਅਸਲੇਖ਼ਾਨੇ 'ਚੋਂ ਸੱਤ ਤੋੜੇਦਾਰ ਬੰਦੂਕਾਂ ਚੋਰੀ ਕਰਕੇ ਰਾਤ ਦੇ ਹਨੇਰੇ ਵਿਚ ਅਹਿਮਦ ਖ਼ਾਨ ਖਰਲ ਅਤੇ ਮੁਰਾਦ ਫਤਿਆਨੇ ਨੂੰ ਲਿਆ ਦਿੱਤੀਆਂ।

ਬਾਰ ਵਿੱਚ ਬਗ਼ਾਵਤ ਦੀ ਹਵਾ ਰੁਮਕਣ ਲੱਗੀ। ਮੌਜ਼ਮ ਲੱਖੋਕੇ ਦੇ ਜੋਈਏ ਮਾਮਲਾ ਤਾਰਨ ਤੋਂ ਇਨਕਾਰੀ ਹੋ ਗਏ। ਅਸਿਸਟੈਂਟ ਕਮਿਸ਼ਨਰ ਐਲ.ਐਫ. ਬਰਕਲੇ ਨੇ ਉਨ੍ਹਾਂ ਖਿਲਾਫ਼ ਵਾਰੰਟ ਜਾਰੀ ਕਰ ਦਿੱਤੇ। ਦੂਸਰੇ ਪਾਸੇ ਅਹਿਮਦ ਖ਼ਾਂ ਖਰਲ ਨੇ ਗੋਗੇਰਾ ਜੇਲ੍ਹ ਵਿੱਚੋਂ ਛੁਡਾਉਣ ਦੀ ਵਿਉਂਤ ਬਣਾ ਲਈ। ਇਸ ਘਟਨਾ ਬਾਰੇ ਪਾਕਿਸਤਾਨੀ ਲੇਖਕ ਨੈਨ ਸੁੱਖ ਲਿਖਦਾ ਹੈ, "ਕੁਝ ਦਿਨ ਮਗਰੋਂ ਜੇਲ੍ਹ ਦੇ ਦਰੋਗੇ ਨਿਜ਼ਾਮਦੀਨ ਅਹਿਮਦ ਖ਼ਾਨ ਖਰਲ ਨਾਲ ਖੁਫ਼ੀਆ ਮੁਲਾਕਾਤ ਕੀਤੀ ਤੇ ਉਹਨੂੰ ਦੱਸਿਆ ਕਿ ਗੋਗੇਰਾ ਜੇਲ੍ਹ ਵਿੱਚ ਬਾਗ਼ੀਆਂ ਦੀ ਭਰਮਾਰ, ਨਿੱਤ ਬਾਗ਼ੀ ਕੈਦੀ ਹੋ ਕੇ ਆ ਰਹੇ। ਜੇਲ੍ਹ ਵਲਣ ਲਈ ਵਾਹ ਨਹੀਂ ਰਹੀ, ਮੌਕੇ 'ਤੇ ਸਜ਼ਾ ਦਾ ਹੁਕਮ ਹੋਇਆ। ਜਿਹੜਾ ਜਿੱਥੇ ਮਾਮਲਾ ਤਾਰਨ ਤੋਂ ਇਨਕਾਰ ਕਰੇ, ਉਹਨੂੰ ਥਾਂ 'ਤੇ ਗੋਰਾ ਅਫ਼ਸਰ ਗੋਲੀ ਮਾਰ ਦੇਂਦਾ।"

ਜਾਂਗਲੀ ਵਾਹਰ ਦੇ ਮੋਹਰੀ ਅਹਿਮਦ ਖ਼ਾਂ ਖਰਲ ਨੇ ਗੋਗੇਰਾ ਜੇਲ੍ਹ 'ਤੇ ਹਮਲਾ ਕਰਨ ਦੀ ਨੀਤੀ ਬਣਾ ਲਈ। ਫੈਸਲਾ ਕੀਤਾ ਕਿ ਰਾਤ ਦੇ ਹਨੇਰੇ ਵਿੱਚ ਜੇਲ੍ਹ ਵਿੱਚੋਂ ਪਹਿਲਾਂ ਬਾਲ, ਬੁੱਢੇ ਅਤੇ ਔਰਤਾਂ ਨੂੰ ਸਹੀ-ਸਲਾਮਤ ਕੱਢ ਦੇਵਾਂਗੇ, ਫਿਰ ਜਿਵੇਂ ਬਣ ਆਊ, ਵੇਖੀ ਜਾਊ। ਕੁਝ ਬਾਗ਼ੀ ਪਹਿਲਾਂ ਬੰਦੀ ਬਣ ਕੇ ਜੇਲ੍ਹ ਅੰਦਰ ਚਲੇ ਗਏ। ਫਿਰ ਉਨ੍ਹਾਂ ਅੰਦਰਲਾ ਮਾਹੌਲ ਵੇਖ-ਚਾਖ ਕੇ ਬਾਹਰਲੇ ਬਾਗ਼ੀਆਂ ਦੁਆਰਾ ਹਮਲਾ ਹੋਣ ਤੋਂ ਪਹਿਲਾਂ ਬਜ਼ੁਰਗ, ਔਰਤਾਂ ਤੇ ਬੱਚਿਆਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ, ਪਰ ਇੱਕ ਬੱਚੇ ਦੇ ਰੋਣ ਕਰਕੇ ਪਹਿਰੇਦਾਰਾਂ ਨੂੰ ਭਿਣਕ ਲੱਗ ਗਈ, ਦੁਵੱਲਿਓਂ ਲੜਾਈ ਸ਼ੁਰੂ ਹੋ ਗਈ। ਇਸ ਘਮਸਾਨ ਦੀ ਲੜਾਈ ਵਿੱਚ 44 ਕੈਦੀ, 37 ਬਾਗੀ ਅਤੇ 51 ਪੁਲਸ ਦੇ ਸਿਪਾਹੀ ਮਾਰੇ ਗਏ, ਜਿਨ੍ਹਾਂ ਵਿੱਚ ਜੇਲ੍ਹ ਦਾ ਡਿਪਟੀ ਸੁਪਰਡੈਂਟ ਮਿਨਚੋਰਡ ਵੀ ਸੀ। ਜ਼ਿੰਦਾ ਬਾਗ਼ੀ ਕੋਈ ਨਾ ਫੜਿਆ ਗਿਆ, ਸਗੋਂ ਸਾਰੇ ਫ਼ਰਾਰ ਹੋ ਗਏ। ਐਕਸਟਰਾ ਅਸਿਸਟੈਂਟ ਕਮਿਸ਼ਨਰ ਬਰਕਲੇ ਦੇ ਪਹੁੰਚਣ ਤੋਂ ਪਹਿਲਾਂ ਜੇਲ੍ਹ ਦੇ ਸੁਪਰਡੈਂਟ ਕੈਪਟਨ ਰਿਚਰਡ ਨੇ ਪੁਲਸ ਮੁਲਾਜ਼ਮਾਂ ਦੀਆਂ ਲਾਸ਼ਾਂ ਅੱਡ ਕਰਵਾ ਲਈਆਂ। ਅਲਫਿੰਸਟਨ ਨੂੰ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਹਟਾ ਕੇ ਮੇਜਰ ਮਰਸਡਨ ਨੂੰ ਅਹੁਦਾ ਦੇ ਦਿੱਤਾ ਗਿਆ। ਜੇਲ੍ਹ ਤੋੜਨ ਦੇ ਜੁਰਮ ਵਿਚ ਅਹਿਮਦ ਖ਼ਾਂ ਖਰਲ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਉਸ ਖਿਲਾਫ਼ ਕੋਈ ਗਵਾਹ ਨਾ ਮਿਲਣ ਕਰਕੇ ਛੱਡ ਦਿੱਤਾ ਗਿਆ।

ਅਹਿਮਦ ਖ਼ਾਂ ਖਰਲ ਦੀ ਅਗਵਾਈ ਹੇਠ ਬਾਗ਼ੀਆਂ ਨੇ ਕਮਾਲੀਏ ਪਿੰਡ ਵਿੱਚ ਵੱਡਾ ਇਕੱਠ ਕੀਤਾ। ਜਿਸ ਇਕੱਠ ਵਿਚ ਬਾਰ ਦੇ ਸਾਰੇ ਕਬੀਲੇ ਇਕੱਠੇ ਹੋਏ। ਅਹਿਮਦ ਖ਼ਾਂ ਖਰਲ ਨੇ ਉਨ੍ਹਾਂ ਨੂੰ ਆਪਸੀ ਝਗੜੇ ਪਾਸੇ ਰੱਖ ਕੇ ਬਸਤੀਵਾਦੀ ਸਰਕਾਰ ਖਿਲਾਫ਼ ਲਾਮਬੰਦ ਹੋ ਕੇ ਲੜਾਈ ਕਰਨ ਲਈ ਪ੍ਰੇਰਿਆ। ਵਰ੍ਹਿਆਂ ਤੋਂ ਚੱਲੀ ਆਉਂਦੀ ਸਿਆਲਾਂ ਤੇ ਖਰਲਾਂ ਦੀ ਦੁਸ਼ਮਣੀ ਵੀ ਉਨ੍ਹਾਂ ਮਨੋਂ ਵਿਸਾਰ ਦਿੱਤੀ। ਇਸ ਇਕੱਠ ਵਿਚ ਖਰਲਾਂ, ਸਿਆਲਾਂ, ਫਤਿਆਣਿਆਂ ਵੱਟੂਆਂ, ਜੋਇਆਂ ਭੱਟੀਆਂ ਨੇ ਏਕਾ ਰੱਖ ਕੇ ਲੜਨ-ਮਰਨ ਦੀ ਸਹੁੰ ਖਾਧੀ। ਸਰਫਰਾਜ਼ ਖ਼ਾਨ ਖਰਲ ਅਤੇ ਮਾਛੀਆਂ ਲੰਗੜਿਵਾਲ ਨੇ ਜਦੋਂ ਬਾਗ਼ੀਆਂ ਦੇ ਮਨਸੂਬੇ ਸੁਣੇ ਤਾਂ ਉਨ੍ਹਾਂ ਇਹ ਖ਼ਬਰ ਅੰਗਰੇਜ਼ ਸਰਕਾਰ ਨੂੰ ਜਾ ਦਿੱਤੀ ਕਿ ਬਾਹਰ

15-Jan-Sunday.qxd 1/14/2023 10:25 PM Page 5

ਕੀ ਸੰਦੇਸ਼ ਦੇਂਦਾ ਹੈ ਅਫਸਰਾਂ ਦੇ ਯਰਕਾਊ ਵਿਹਾਰ ਮੂਹਰੇ ਮੁੱਖ ਮੰਤਰੀ ਦਾ ਬੈਰੀਕੇਡ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੀਤੇ ਦਿਨੀਂ ਚੁੱਕੇ ਗਏ ਇੱਕ ਕਦਮ ਨਾਲ ਇੱਕ ਨਿਵੇਕਲੀ ਚਰਚਾ ਛਿੜ ਗਈ ਹੈ। ਬਹੁਤ ਸਾਰੇ ਲੋਕ ਇਸ ਗੱਲ ਤੋਂ ਖੁਸ਼ ਹਨ ਕਿ ਮੁੱਖ ਮੰਤਰੀ ਨੇ ਪੰਜਾਬ ਦੀ ਸਿਵਲ ਅਫਸਰਸ਼ਾਹੀ ਨੂੰ ਇਹ ਸਮਝਾ ਦਿੱਤਾ ਹੈ ਕਿ ਲੋਕਤੰਤਰ ਵਿੱਚ ਸਰਕਾਰ ਨੂੰ ਬਲੈਕਮੇਲ ਕਰਨ ਦੇ ਯਤਨ ਸਫਲ ਨਹੀਂ ਹੋ ਸਕਦੇ ਤੇ ਅਫਸਰਾਂ ਨੂੰ ਆਪਣੀ ਹੱਦ ਵਿੱਚ ਰਹਿਣਾ ਸਿੱਖ ਲੈਣਾ ਚਾਹੀਦਾ ਹੈ। ਅਸਰ ਇਸ ਦਾ ਬਿਲਕੁਲ ਇਹੀ ਪਿਆ ਤੇ ਪੰਜਾਬ ਦੀ ਸਰਕਾਰ ਨੂੰ ਚਲਾ ਰਹੀ ਪਾਰਟੀ ਦੇ ਆਗੂਆਂ ਤੋਂ ਇਲਾਵਾ ਕਈ ਬਾਹਰਲੇ ਲੋਕਾਂ ਨੇ ਵੀ ਮੁੱਖ ਮੰਤਰੀ ਦੇ ਪੈਂਤੜੇ ਦਾ ਬਹੁਤ ਸਮਝਦਾਰੀ ਨਾਲ ਹੁੰਗਾਰਾ ਭਰਿਆ ਹੈ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਪੰਜਾਬ ਕਾਂਗਰਸ ਦੇ ਇੱਕੋ-ਇੱਕ ਲੀਡਰ ਹਨ, ਜਿਹੜੇ ਇੱਕ ਤੋਂ ਵੱਧ ਵਾਰੀ ਮੰਤਰੀ ਬਣਨ ਦੇ ਇਲਾਵਾ ਪਾਰਲੀਮੈਂਟ ਦੇ ਦੋਵਾਂ ਹਾਊਸਾਂ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਵੀ ਕੁਝ ਸਮਾਂ ਹੰਢਾ ਚੁੱਕੇ ਹਨ। ਅਫਸਰਾਂ ਵੱਲੋਂ ਹੜਤਾਲ ਕਹੇ ਬਗੈਰ ਸਮੂਹਿਕ ਛੁੱਟੀ ਲੈ ਕੇ ਹੜਤਾਲ ਦੇ ਅਸਿੱਧੇ ਕਦਮ ਬਾਰੇ ਪ੍ਰਤਾਪ ਸਿੰਘ ਬਾਜਵਾ ਨੇ ਓਸੇ ਦਿਨ ਕਹਿ ਦਿੱਤਾ ਕਿ ਏਦਾਂ ਦੇ ਚਾਲਿਆਂ ਦੀ ਹਮਾਇਤ ਨਹੀਂ ਕੀਤੀ ਜਾ ਸਕਦੀ। ਲੋਕਾਂ ਨਾਲੋਂ ਅਸਲ ਵਿੱਚ ਕੱਟੇ ਹੋਏ ਅਕਾਲੀ ਦਲ ਦੇ ਜਿਹੜੇ ਆਗੂ ਇਨ੍ਹਾਂ ਅਫਸਰਾਂ ਨੂੰ ਚੁੱਕਣਾ ਦੇਣ ਵਾਲੇ ਢੰਗ ਨਾਲ ਕਾਹਲੀ ਬਿਆਨਬਾਜ਼ੀ ਕਰਨ ਲਈ ਅੱਗੇ ਆਏ ਸਨ, ਉਹ ਵੀ ਮੁੱਖ ਮੰਤਰੀ ਦੇ ਸਖਤ ਕਦਮ ਅਤੇ ਹੜਤਾਲ ਦੇ ਹਸ਼ਰ ਤੋਂ ਬਾਅਦ ਚੁੱਪ ਵੱਟ ਗਏ ਹਨ।

ਅਸੀਂ ਇਹ ਕਦੀ ਨਹੀਂ ਚਾਹੁੰਦੇ ਕਿ ਅਫਸਰਾਂ ਨੂੰ ਸਤਿਕਾਰ ਨਾ ਮਿਲੇ, ਉਨ੍ਹਾਂ ਨੂੰ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ, ਪਰ ਲੋਕਤੰਤਰ ਵਿੱਚ ਉਹ ਆਪਣੇ-ਆਪ ਨੂੰ ਰਾਜੇ ਮੰਨਣ ਲੱਗ ਜਾਣ, ਇਸ ਤਰ੍ਹਾਂ ਨਹੀਂ ਚੱਲ ਸਕਦਾ। ਸਾਰੇ ਜਾਣਦੇ ਹਨ ਕਿ ਪਿਛਲੇ ਸਾਲਾਂ ਦੌਰਾਨ ਏਥੇ ਸਿਆਸੀ ਆਗੂਆਂ ਨੇ ਜਿਹੜੀ ਭ੍ਰਿਸ਼ਟਾਚਾਰ ਦੀ ਹਨੇਰੀ ਲਿਆ ਛੱਡੀ ਸੀ, ਬਹੁਤ ਸਾਰੇ ਅਫਸਰਾਂ ਦੀ ਉਸ ਵਿੱਚ ਮਿਲੀਭੁਗਤ ਹੁੰਦੀ ਸੀ। ਜਦੋਂ ਉਨ੍ਹਾਂ ਸਿਆਸੀ ਆਗੂਆਂ ਖਿਲਾਫ ਕਾਰਵਾਈ ਹੋਈ ਤਾਂ ਦਲਾਲਾਂ ਦੇ ਨਾਲ ਵੀ ਹੋਣੀ ਸੀ ਅਤੇ ਉਹ ਅਫਸਰ ਵੀ ਦਾੜ੍ਹ ਹੇਠ ਆ ਸਕਦੇ ਸਨ, ਜਿਹੜੇ ਲੀਡਰਾਂ ਨਾਲ ਮਿਲ ਹਿੱਸਾ-ਪੱਤੀ ਰੱਖਣ ਦੇ ਰਾਹ ਪਏ ਹੋਏ ਸਨ। ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਦੌਰਾਨ ਜਦੋਂ ਆਗੂਆਂ ਦੀ ਫੜੋ-ਫੜਾਈ ਹੁੰਦੀ ਰਹੀ, ਅਫਸਰੀ ਪੱਧਰ ਉੱਤੇ ਆਪਸੀ ਵਿਚਾਰਾਂ ਹੁੰਦੀਆਂ ਰਹੀਆਂ ਕਿ ਸਾਡੇ ਤੱਕ ਵੀ ਗੱਲ ਆ ਸਕਦੀ ਹੈ, ਕੁਝ ਕਰਨਾ ਚਾਹੀਦਾ ਹੈ। ਜਿਸ ਵਕਤ ਅਫਸਰਾਂ ਦੇ ਖਿਲਾਫ ਕਾਰਵਾਈ ਸ਼ੁਰੂ ਹੁੰਦੀ ਦਿਖਾਈ ਦਿੱਤੀ ਤਾਂ ਸਾਰਾ ਕੋੜਮਾ ਇਕੱਠਾ ਹੋ ਕੇ ਸਰਕਾਰ ਦੇ ਵਿਰੁੱਧ ਮੋਰਚੇਬੰਦੀ ਦਾ ਦਾਅ ਖੇਡਣ ਤੁਰ ਪਿਆ। ਇਹ ਗੱਲ ਅਫਸਰਾਂ ਨੂੰ ਭੁੱਲ ਗਈ ਕਿ ਜਿਸ ਕੇਸ ਤੋਂ ਬਹੁਤਾ ਰੌਲਾ ਪਿਆ ਸੀ, ਮੋਹਾਲੀ ਦੀ ਉਸ ਵੱਡੇ ਸਨਅਤੀ ਪਲਾਟ ਨੂੰ ਕਾਲੋਨੀ ਵਿੱਚ ਬਦਲ ਕੇ ਕਰੋੜਾਂ ਦੀ ਕਮਾਈ ਕਰਨ ਵਿੱਚ ਪਿਛਲੀ ਸਰਕਾਰ ਦੇ ਇੱਕ ਬਦਨਾਮ ਮੰਤਰੀ ਨਾਲ ਜਿਨ੍ਹਾਂ ਅਫਸਰਾਂ ਨੇ ਫਾਈਲਾਂ ਕਲੀਅਰ ਕੀਤੀਆਂ ਸਨ, ਉਸ ਕਾਲੋਨੀ ਦੇ ਪਲਾਟ ਮਾਲਕਾਂ ਦੀ ਲਿਸਟ ਵਿੱਚ ਉਨ੍ਹਾਂ ਅਫਸਰਾਂ ਦੇ ਘਰਾਂ ਦੇ ਜੀਆਂ ਦੇ ਨਾਂਅ ਬੋਲਦੇ ਹਨ। ਸਿੱਧੇ ਪੈਸੇ ਨਹੀਂ ਲਏ, ਕਰੋੜਾਂ ਦੇ ਪਲਾਟ ਲੈ ਲਏ ਸਨ ਤਾਂ ਕਾਗਜ਼ੀ ਸਬੂਤ ਹੋਣ ਕਾਰਨ ਉਨ੍ਹਾਂ ਖਿਲਾਫ ਕੇਸ ਬਣਨੇ ਸਨ। ਇਸ ਹਾਲ ਵਿੱਚ ਉਨ੍ਹਾਂ ਨੂੰ ਅਦਾਲਤ ਦਾ ਰਾਹ ਫੜਨਾ ਚਾਹੀਦਾ ਸੀ, ਉਹ ਅਣ-ਐਲਾਨੀ ਹੜਤਾਲ ਨਾਲ ਸਰਕਾਰ ਨੂੰ ਤੰਗ ਕਰਨ ਦੇ ਰਾਹ ਪੈਣ ਲੱਗ ਪਏ, ਜਿਸ ਨੂੰ ਮੁੱਖ ਮੰਤਰੀ ਨੇ ਆਪਣੀ ਚਿੱਠੀ ਵਿੱਚ ਬਲੈਕ-ਮੇਲਿੰਗ ਦਾ ਸ਼ਬਦ ਵਰਤਿਆ ਹੈ। ਇਹੋ ਜਿਹੀ ਬਲੈਕਮੇਲਿੰਗ ਵਿਰੁੱਧ ਕਾਨੂੰਨੀ ਕਾਰਵਾਈ ਦਾ ਜਿਹੜਾ ਪੈਂਤੜਾ ਮੁੱਖ ਮੰਤਰੀ ਨੇ ਲਿਆ, ਉਸ ਤੋਂ ਪੰਜਾਬ ਦੇ ਲੋਕ ਖੁਸ਼ ਦਿਖਾਈ ਦਿੱਤੇ ਹਨ।

ਪੰਜਾਬ ਦੇ ਅਫਸਰਾਂ ਨੂੰ ਇਹ ਸੋਚ ਨਹੀਂ ਆਈ ਕਿ ਇਹੋ ਜਿਹਾ ਹੜਤਾਲ ਵਰਗਾ ਕਦਮ ਜਦੋਂ ਚੁੱਕਿਆ ਜਾਵੇ ਤਾਂ ਇਸ ਦਾ ਅਸਰ ਪੰਜਾਬ ਤੱਕ ਸੀਮਤ ਨਹੀਂ ਰਹਿ ਸਕਦਾ। ਜਿਸ ਦਿਨ ਪੰਜਾਬ ਵਿੱਚ ਅਫਸਰਾਂ ਨੇ ਏਦਾਂ ਦਾ ਕਦਮ ਚੁੱਕਿਆ ਸੀ, ਉਸੇ ਦਿਨ ਬਿਹਾਰ ਵਿੱਚ ਉਨ੍ਹਾਂ ਵਰਗਾ ਇੱਕ ਅਧਿਕਾਰੀ ਫੜਿਆ ਗਿਆ ਸੀ, ਓਥੇ ਵੀ ਅਫਸਰ ਪੰਜਾਬ ਦੇ ਅਫਸਰਾਂ ਵਾਲੇ ਰਾਹ ਪੈ ਸਕਦੇ ਸਨ। ਇੱਕ ਹਫਤਾ ਪਹਿਲਾਂ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਹੇਠ ਹੋਏ ਟੀਚਰ ਇਲੀਜੀਬਿਲਟੀ ਟੈਸਟ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਇਨ੍ਹਾਂ ਵਰਗਾ ਇੱਕ ਅਫਸਰ ਫੜਿਆ ਗਿਆ ਸੀ। ਰਾਜਸਥਾਨ ਵਿੱਚ ਨੌਕਰੀਆਂ ਦੇਣ ਦੇ ਟੈਸਟ ਵੇਲੇ ਪੇਪਰ ਲੀਕੇਜ ਕਾਂਡ ਹੋਇਆ ਤੇ ਓਦੋਂ ਹੀ ਹਿਮਾਚਲ ਪ੍ਰਦੇਸ਼ ਵਿੱਚ ਏਦਾਂ ਦਾ ਇੱਕ ਕੇਸ ਹੋਇਆ ਸੀ ਤੇ ਉਨ੍ਹਾਂ ਦੋਵਾਂ ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਦੀ ਪੁਲਸ ਨੇ ਵੀ ਅਫਸਰ ਗ੍ਰਿਫਤਾਰ ਕੀਤੇ ਸਨ। ਪੰਜਾਬ ਵਾਲਾ ਕਦਮ ਓਥੋਂ ਦੇ ਅਫਸਰ ਵੀ ਚੁੱਕਣ ਦੀ ਧਮਕੀ ਦੇ ਸਕਦੇ ਸਨ। ਮੱਧ ਪ੍ਰਦੇਸ਼ ਵਿੱਚ ਦੋ ਅਫਸਰ ਪਤੀ-ਪਤਨੀ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਵਿੱਚ ਫੜੇ ਗਏ ਤਾਂ ਉਨ੍ਹਾਂ ਦੇ ਡਬਲ-ਬੈੱਡ ਹੇਠਲੇ ਬਕਸੇ ਵਿੱਚੋਂ ਨੋਟਾਂ ਦੇ ਢੇਰ ਨਿਕਲੇ ਸਨ। ਝਾਰਖੰਡ ਦੀ ਇੱਕ ਬਹੁ-ਚਰਚਿਤ ਮਹਿਲਾ ਅਫਸਰ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੀ ਗਈ ਸੀ। ਵੱਖ-ਵੱਖ ਰਾਜਾਂ ਵਿੱਚ ਸਰਕਾਰ ਭਾਵੇਂ ਭਾਜਪਾ ਦੀ ਹੋਵੇ, ਕਾਂਗਰਸ ਦੀ ਜਾਂ ਕਿਸੇ ਵੀ ਹੋਰ ਪਾਰਟੀ ਦੀ, ਸਾਰਿਆਂ ਨੂੰ ਪੰਜਾਬ ਦੇ ਅਫਸਰਾਂ ਵਾਲੀ ਹੜਤਾਲ ਦੇ ਕਦਮ ਤੋਂ ਹੈਰਾਨੀ ਹੋਈ ਅਤੇ ਸਾਨੂੰ ਪਤਾ ਲੱਗਾ ਹੈ ਕਿ ਸਾਰਿਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਦਾ ਏਦਾਂ ਦਾ ਕਦਮ ਠੀਕ ਲੱਗਾ ਹੈ। ਇਸ ਤਰ੍ਹਾਂ ਅਫਸਰਾਂ ਦੀ ਹੜਤਾਲ ਦੀ ਖੇਡ ਉਨ੍ਹਾਂ ਰਾਜਾਂ ਤੱਕ ਵੀ ਜਾ ਸਕਦੀ ਸੀ ਤੇ ਫਿਰ ਭਾਰਤ ਦੇ ਹਰ ਰਾਜ ਦੀ ਸਰਕਾਰ ਦੇ ਇੱਕ ਤਰ੍ਹਾਂ ਅਫਸਰੀ ਬਲੈਕਮੇਲ ਦਾ ਸ਼ਿਕਾਰ ਹੋ ਕੇ ਖੁੱਜੇ ਲੱਗਣ ਦੀ ਨੌਬਤ ਆ ਸਕਦੀ ਸੀ।

ਅਸੀਂ ਫਿਰ ਕਹੀਏ ਕਿ ਅਫਸਰ ਸਰਕਾਰ ਦੀ ਕਾਰਕਰਦਗੀ ਦਾ ਮੁੱਖ ਧੁਰਾ ਹੁੰਦੇ ਹਨ ਤੇ ਇਨ੍ਹਾਂ ਦਾ ਹਰ ਤਰ੍ਹਾਂ ਦਾ ਬਣਦਾ ਸਤਿਕਾਰ ਕਾਇਮ ਰੱਖਿਆ ਜਾਣਾ ਚਾਹੀਦਾ ਹੈ, ਪਰ ਇਨ੍ਹਾਂ ਨੂੰ ਵੀ ਏਦਾਂ ਵਿਹਾਰ ਕਰਨ ਤੋਂ ਬਚਣ ਦੀ ਲੋੜ ਹੈ ਕਿ ਉਹ ਕਿਸੇ ਸਿਆਸੀ ਧਿਰ ਦੇ ਪੱਖ ਜਾਂ ਵਿਰੋਧ ਵਿੱਚ ਚੱਲਦੇ ਨਾ ਜਾਪਣ ਲੱਗ ਪੈਣ। ਪੰਜਾਬ ਦੇ ਕੇਸ ਵਿੱਚ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਏਥੇ ਪਹਿਲਾਂ ਵੀ ਅਫਸਰ ਫੜੇ ਜਾਂਦੇ ਰਹੇ ਹਨ, ਪਰ ਉਨ੍ਹਾਂ ਲਈ ਕਦੀ ਵੀ ਏਦਾਂ ਹੜਤਾਲ ਕਰਨ ਵਰਗੀ ਲਾਮਬੰਦੀ ਨਹੀਂ ਸੀ ਹੋਈ। ਹਰਿਆਣੇ ਦਾ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਜਦੋਂ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਦਸ ਸਾਲ ਦੀ ਕੈਦ ਭੁਗਤਣ ਲਈ ਜੇਲ੍ਹ ਭੇਜਿਆ ਗਿਆ, ਉਸ ਦੇ ਨਾਲ ਵੀ ਕਈ ਅਫਸਰਾਂ ਨੂੰ ਜੇਲ੍ਹ ਭੇਜਿਆ ਗਿਆ ਸੀ, ਪਰ ਏਦਾਂ ਦੀ ਹੜਤਾਲ ਨਹੀਂ ਸੀ ਹੋਈ। ਸਾਡੇ ਪੰਜਾਬ ਦੇ ਆਈ ਏ ਐੱਸ ਅਫਸਰ ਕਾਹਨ ਸਿੰਘ ਪਨੂੰ ਨੂੰ ਹੇਮਕੁੰਟ ਸਾਹਿਬ ਵਿੱਚ ਜਿੱਦਾਂ ਬੇਇੱਜ਼ਤ ਕੀਤਾ ਜਾਂ ਕਰਵਾਇਆ ਗਿਆ ਸੀ, ਉਸ ਦੇ ਪਿੱਛੇ ਕਿਸੇ ਅਫਸਰ ਨੇ ਕੋਈ ਹੜਤਾਲ ਨਹੀਂ ਸੀ ਕੀਤੀ। ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਫਸਦੇ ਅਫਸਰਾਂ ਦੇ ਪੱਖ ਵਿੱਚ ਹੜਤਾਲ ਦਾ ਕਦਮ ਚੁੱਕ ਕੇ ਪੰਜਾਬ ਦੀ ਸਿਵਲ ਅਫਸਰਸ਼ਾਹੀ ਨੇ ਅਜੀਬ ਕਿਸਮ ਦਾ ਚੰਦ ਯਰਕਾਊ ਕੰਮ ਕਰਨ ਦਾ ਯਤਨ ਕੀਤਾ ਹੈ। ਅਫਸਰਾਂ ਨੂੰ ਇਹ ਚੇਤਾ ਨਾ ਰਿਹਾ ਕਿ ਕੱਲ੍ਹ ਨੂੰ ਉਹ ਆਪਣੇ ਦਫਤਰ ਦੇ ਕਿਸੇ ਵੀ ਕਰਮਚਾਰੀ ਦੇ ਖਿਲਾਫ ਕਿਸੇ ਵਕਤ ਸਖਤੀ ਦਾ ਕੋਈ ਕਦਮ ਚੁੱਕਣਗੇ ਤਾਂ ਓਥੇ ਵੀ ਸਾਰੇ ਕਰਮਚਾਰੀ ਹੜਤਾਲ ਕਰ ਦੇਣਗੇ ਅਤੇ ਸਰਕਾਰੀ ਕੰਮ-ਕਾਜ ਚੱਲਣ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਵੇਗੀ। ਏਹੋ ਜਿਹੇ ਕਦਮ ਨੂੰ ਮੁੱਖ ਮੰਤਰੀ ਵਾਂਗ ਅਸੀਂ ਬਲੈਕਮੇਲਿੰਗ ਨਾ ਕਹੀਏ ਤਾਂ ਇਸ ਕਦਮ ਦਾ ਸਿੱਟਾ ਇੱਕ ਇਹੋ ਜਿਹੀ ਬਦ-ਅਮਨੀ ਜਾਂ ਅਰਾਜਕਤਾ ਵਿੱਚ ਨਿਕਲਣਾ ਸੀ, ਜਿਹੜੀ ਪਹਿਲਾਂ ਤੋਂ ਮੁਸ਼ਕਲਾਂ ਦੀ ਮਾਰ ਹੇਠ ਆਏ ਹੋਏ ਪੰਜਾਬ ਦੇ ਲੋਕਾਂ ਦੀਆਂ ਮੁਸੀਬਤਾਂ ਹੋਰ ਵਧਾ ਸਕਦੀ ਸੀ। ਇਸ ਕਰ ਕੇ ਅਫਸਰਸ਼ਾਹੀ ਨੂੰ ਇਸ ਕੌੜੇ ਤਜਰਬੇ ਤੋਂ ਬਾਅਦ ਪੰਜਾਬ ਦੇ ਲੋਕਾਂ ਦੀ ਹਕੀਕੀ ਸੇਵਾ ਵੱਲ ਧਿਆਨ ਦੇ ਕੇ ਆਪਣਾ ਅਕਸ ਸੁਧਾਰਨਾ ਚਾਹੀਦਾ ਹੈ।

ਦੂਸਰੇ ਪਾਸੇ ਇਸ ਤੋਂ ਹਟਵਾਂ ਪੱਖ ਇਹ ਵੀ ਹੈ ਕਿ ਪੰਜਾਬ ਦੇ ਕੁਝ ਮੰਤਰੀ ਅਤੇ ਕੁਝ ਵਿਧਾਇਕ ਵੀ ਹਾਲਾਤ ਦੇ ਵਹਿਣ ਨੂੰ ਸਮਝ ਨਹੀਂ ਰਹੇ ਅਤੇ ਦਸ ਮਹੀਨੇ ਸਰਕਾਰ ਬਣੀ ਨੂੰ ਹੋਣ ਪਿੱਛੋਂ ਵੀ ਉਹ ਚੱਜ-ਆਚਾਰ ਸਿੱਖਣ ਵਾਲਾ ਕੋਈ ਸਬੂਤ ਨਹੀਂ ਦੇ ਰਹੇ, ਜਿਹੜਾ ਉਨ੍ਹਾਂ ਨੂੰ ਦੇਣਾ ਚਾਹੀਦਾ ਹੈ। ਅਣਕਿਆਸੀ ਜਿੱਤ ਨਾਲ ਹੁਣ ਕੁਝ ਏਦਾਂ ਦੇ ਲੋਕ ਮੰਤਰੀ ਦੇ ਰੁਤਬੇ ਤੱਕ ਪਹੁੰਚ ਗਏ ਹਨ, ਜਿਹੜੇ ਅਜੇ ਤੱਕ ਆਪਣੇ ਅਹੁਦੇ ਦੀਆਂ ਸਰਕਾਰੀ ਜ਼ਿੰਮੇਵਾਰੀਆਂ ਨੂੰ ਨਹੀਂ ਸਮਝ ਸਕੇ ਤੇ ਇਖਲਾਕੀ ਜ਼ਿੰਮੇਵਾਰੀ ਵੱਲ ਵੀ ਧਿਆਨ ਦੇਣਾ ਨਹੀਂ ਜਾਣਦੇ। ਉਨ੍ਹਾਂ ਦੀ ਨਕੇਲ ਉਨ੍ਹਾਂ ਅਫਸਰਾਂ ਅਤੇ ਪਿਛਲੀ ਸਰਕਾਰ ਦੇ ਕੁਝ ਮੰਤਰੀਆਂ ਦੇ ਏਜੰਟਾਂ ਦੇ ਹੱਥਾਂ ਵਿੱਚ ਹੈ, ਜਿਹੜੇ ਮਨ-ਆਈਆਂ ਕਰ ਕੇ ਲੋਕਾਂ ਵਿੱਚ ਸਰਕਾਰ ਦੀ ਬਦਨਾਮੀ ਵਧਣ ਦਾ ਕਾਰਨ ਪਹਿਲਾਂ ਬਣਦੇ ਰਹੇ ਸਨ। ਏਥੋਂ ਤੱਕ ਕਿ ਕੁਝ ਵਿਭਾਗਾਂ ਵਿੱਚ ਅਫਸਰਾਂ ਨੇ ਆਪਣੇ ਨਾਲ ਹੱਥ ਰਲੇ ਹੋਣ ਵਾਲੇ ਬਹੁਤ ਸਾਰੇ ਪੁਰਾਣੇ ਚਾਟੜਿਆਂ ਨੂੰ ਫਿਰ ਵਿਭਾਗੀ ਕਮੇਟੀਆਂ ਵਿੱਚ ਪਾ ਲਿਆ ਜਾਂ ਉਨ੍ਹਾਂ ਪੋਸਟਾਂ ਉੱਤੇ ਲਿਆ ਬਿਠਾਇਆ ਹੈ, ਜਿਨ੍ਹਾਂ ਉੱਤੇ ਹੋਰ ਲੋਕ ਹੋਣੇ ਚਾਹੀਦੇ ਸਨ। ਇਸ ਦਾ ਪਤਾ ਲੱਗਣ ਦੇ ਬਾਵਜੂਦ ਮੰਤਰੀ ਉਨ੍ਹਾਂ ਅਫਸਰਾਂ ਵੱਲ ਕੌੜੀ ਅੱਖ ਨਾਲ ਵੇਖਣ ਦੀ ਜੁਰਅੱਤ ਨਹੀਂ ਸਨ ਕਰ ਸਕੇ। ਸਰਕਾਰ ਜਿੱਦਾਂ ਦੀ ਵੀ ਚੱਲਦੀ ਰਹੀ, ਅਫਸਰਾਂ ਨੂੰ ਕਿਸੇ ਨੇ ਕੁਝ ਨਹੀਂ ਪੁੱਛਣਾ, ਜਦੋਂ ਲੋਕਾਂ ਵਿੱਚ ਜਾਣਾ ਪਿਆ, ਹਰ ਚੰਗੇ-ਮਾੜੇ ਕੰਮ ਦਾ ਲੇਖਾ ਮੰਤਰੀਆਂ ਤੇ ਵਿਧਾਇਕਾਂ ਨੂੰ ਦੇਣਾ ਪੈਣਾ ਹੈ, ਜੇ ਉਨ੍ਹਾਂ ਨੂੰ ਇਸ ਗੱਲ ਦਾ ਚੇਤਾ ਨਾ ਰਿਹਾ ਤਾਂ ਉਹ ਸਰਕਾਰ ਨਹੀਂ ਚਲਾ ਸਕਣਗੇ, ਅਫਸਰਾਂ ਦੇ ਕਰਿੰਦੇ ਜਿਹੇ ਬਣ ਕੇ ਰਹਿ ਜਾਣਗੇ। ਜਿਹੜੀ ਗੱਲ ਅਸੀਂ ਅਖੀਰ ਵਿੱਚ ਕਹਿਣੀ ਚਾਹੁੰਦੇ ਹਾਂ, ਉਹ ਇਹ ਕਿ ਸਾਰੇ ਅਫਸਰ ਇੱਕੋ ਜਿਹੇ ਨਹੀਂ ਹੁੰਦੇ, ਪੰਜਾਬ ਦੀ ਅਫਸਰਸ਼ਾਹੀ ਵਿੱਚ ਵੀ ਕੁਝ ਚੰਗੇ ਲੋਕ ਹਨ, ਪਰ ਪਿਛਲੀਆਂ ਸਰਕਾਰਾਂ ਦੌਰਾਨ ਨੁੱਕਰੀਂ ਲਾ ਕੇ ਰੱਖੇ ਜਾਂਦੇ ਰਹੇ ਸਨ, ਉਨ੍ਹਾਂ ਨੂੰ ਅੱਗੇ ਲਿਆ ਕੇ ਪਰਖਿਆ ਜਾਵੇ ਤਾਂ ਹਾਲਾਤ ਸੁਧਾਰਨ ਦੀ ਆਸ ਵਧ ਸਕਦੀ ਹੈ।

ਅਫਸਰਸ਼ਾਹੀ ਵੱਲੋਂ ਚੁੱਕੇ ਯਰਕਾਊ ਕਦਮਾਂ ਅੱਗੇ ਮੁੱਖ ਮੰਤਰੀ ਵੱਲੋਂ ਲਾਇਆ ਗਿਆ ਬੈਰੀਕੇਡ ਲੰਮੇ ਸਮੇਂ ਲਈ ਇਸ ਰਾਜ ਦੀ ਸਿਆਸੀ ਲੀਡਰਸ਼ਿਪ ਅਤੇ ਪ੍ਰਸ਼ਾਸਨ ਦੇ ਤਾਲਮੇਲ ਲਈ ਸੁਖਾਵੇਂ ਸਿੱਟੇ ਕੱਢ ਸਕਦਾ ਹੈ।

ਜਲੇਬੀ ਦਾ ਡੀ ਐੱਨ ਏ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਪੰਜਾਬ ਦੇ ਘਰਾਂ ਵਿੱਚ ਵੜਨ ਵਾਲੀ ਜਲੇਬੀ ਮਠਿਆਈ ਦੇ ਰੂਪ ਵਿੱਚ ਲੱਡੂਆਂ ਤੋਂ ਬਾਅਦ ਆਈ। ਜਲੇਬੀ ਜਿਸ ਦਾ ਦੇਖਣ ਨੂੰ ਅਕਾਰ ਨਾ ਲੱਡੂਆਂ ਵਾਂਗ ਹੈ, ਨਾ ਬਰਫ਼ੀ ਵਾਂਗ ਚੌਰਸ ਹੈ। ਇਸ ਦੀ ਸ਼ਕਲ ਨਾ ਰਸਗੁੱਲੇ ਨਾਲ, ਨਾ ਹੀ ਗਲਾਬ ਜਾਮਣ ਜਾਂ ਹੋਰ ਮਠਿਆਈ ਨਾਲ ਮਿਲਦੀ ਹੈ। ਇਹ ਆਪਣੇ ਆਪ ਵਿੱਚ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਦੇਖਿਆਂ ਨਾ ਆਦਿ ਅਤੇ ਨਾ ਹੀ ਅੰਤ ਦਾ ਪਤਾ ਲਗਦਾ ਹੈ, ਪਰ ਖਾਣ ਵਾਲੇ ਇਸ 'ਤੇ ਟੁੱਟ ਕੇ ਪੈ ਜਾਂਦੇ ਹਨ। ਕਾਰਨ ਗਰਮ ਅਤੇ ਬਰੀਕ ਅਤੇ ਰਾੜ੍ਹੀ ਹੋਈ ਜਲੇਬੀ ਦਾ ਅਲੱਗ ਸੁਆਦ ਹੁੰਦਾ ਹੈ। ਬੇਹੀ ਹੋਣ ਤੋਂ ਬਾਅਦ ਆਮ ਕਰਕੇ ਇਸ ਨੂੰ ਦੁੱਧ ਵਿੱਚ ਪਾ ਕੇ ਖਾਧਾ ਜਾਂਦਾ ਹੈ ਅਤੇ ਇਸ ਤਰ੍ਹਾਂ ਖਾਣ ਵਾਲੇ ਅਲੱਗ ਕਿਸਮ ਦਾ ਅਨੰਦ ਮਾਣਦੇ ਹਨ।

ਬਚਪਨ ਹੰਢਾਅ ਕੇ ਜਦ ਅਸੀਂ ਵਕਾਲਤ ਪੇਸ਼ੇ ਨਾਲ ਜੁੜੇ ਤਾਂ ਉਥੇ ਵੀ ਅਸੀਂ ਇਸ ਜਲੇਬੀ ਸ਼ਬਦ ਤੋਂ ਛੁਟਕਾਰਾ ਨਹੀਂ ਪਾ ਸਕੇ। ਕਈ ਕੇਸਾਂ ਵਿੱਚ ਹੰਢੇ ਹੋਏ ਵਕੀਲ ਅਜਿਹੀ ਬਹਿਸ ਕਰਦੇ ਹਨ, ਜਿਸ ਨੂੰ ਵਕਾਲਤ ਵਿੱਚ 'ਜਲੇਬੀ ਬਹਿਸ' ਆਖਦੇ ਹਨ, ਜਿਸ ਬਹਿਸ ਦਾ ਨਾ ਸਿਰਾ ਹੁੰਦਾ ਹੈ ਨਾ ਹੀ ਅੰਤ ਬਾਰੇ ਪਤਾ ਲਗਦਾ ਹੈ, ਜਿਸ ਵਿੱਚ ਸੰਬੰਧਤ ਵਕੀਲ ਅਜਿਹੀ ਬਹਿਸ ਕਰਦੇ ਹਨ ਕਿ ਉਹ ਸੰਬੰਧਤ ਬਹਿਸ ਕਰਦੇ-ਕਰਦੇ ਆਪ ਵੀ ਮਕਸਦ ਭੁੱਲ ਜਾਂਦੇ ਹਨ। ਜੱਜ ਸਾਹਿਬ ਨੂੰ ਵੀ ਰੱਜ ਕੇ ਕਨਫਿਊਜ਼ ਕਰਦੇ ਹਨ। ਸਾਇਲ ਦੇ ਪੱਲੇ ਤਾਂ ਕੀ

15-Jan-Sunday.qxd 1/14/2023 10:24 PM Page 4

ਸਾਹਿਤ-ਅਧਿਐਨ ਦੀ ਪੁਖਤਾ ਪੁਸਤਕ 'ਮਾਰਕਸਵਾਦੀ ਸਮੀਖਿਆ-ਸਿਧਾਂਤ'

ਕਿਤਾਬ ਦੀ ਪਰਖ ਪੜਚੋਲ

ਡਾ. ਹੀਰਾ ਸਿੰਘ

ਸਿਧਾਂਤ ਅਤੇ ਸਿਧਾਂਤ-ਚਿੰਤਨ

(ਆਲੋਚਨਾ)
ਸੁਰਜੀਤ ਸਿੰਘ ਭੱਟੀ
ਪੰਨੇ-174, ਮੁੱਲ-300 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਜੇਕਰ ਪੰਜਾਬੀ ਸਾਹਿਤ ਦੀ ਉਮਰ ਅੱਠ ਤੋਂ ਦਸ ਸਦੀਆਂ ਦੇ ਲੱਗਭੱਗ ਹੈ ਤਾਂ ਪੰਜਾਬੀ ਸਾਹਿਤ ਸਮੀਖਿਆ ਦੀ ਉਮਰ ਵੀ ਹੁਣ ਦਸ ਦਹਾਕਿਆਂ ਨੂੰ ਪਾਰ ਕਰ ਚੁੱਕੀ ਹੈ। ਵੀਹਵੀਂ ਸਦੀ ਦੇ ਦੂਸਰੇ ਦਹਾਕੇ ਤੋਂ ਸ਼ੁਰੂ ਹੋਈ ਪੰਜਾਬੀ ਸਾਹਿਤ ਸਮੀਖਿਆ ਆਪਣੇ ਕਈ ਪੜਾਵਾਂ/ਝੁਕਾਵਾਂ ਸਹਿਤ ਨਵੀਆਂ ਦਿਸ਼ਾਵਾਂ ਵੱਲ ਵਧ ਰਹੀ ਹੈ। ਇੱਕੀਵੀਂ ਸਦੀ ਦੇ ਪਹਿਲੇ ਦੋਵੇਂ ਦਹਾਕੇ ਬੀਤੀ ਸਦੀ ਦੇ ਤਿੰਨ ਦਹਾਕਿਆਂ ਦੀ ਵੱਡੀ ਉਥਲ-ਪੁਥਲ ਤੋਂ ਬਾਅਦ ਸ਼ਾਂਤ ਬੀਤ ਗਏ। ਚੁਰਾਸੀ ਵਾਲੇ ਗੇੜ ਨੇ ਪੰਜਾਬੀਆਂ ਨੂੰ ਵੱਡੀ ਨਮੋਸ਼ੀ ਅਤੇ ਗਹਿਰੀ ਆਰਥਿਕ ਸੱਟ ਮਾਰੀ, ਜਿਸ ਕਰਕੇ ਪੰਜਾਬ ਨੂੰ ਆਰਥਿਕ ਤੌਰ 'ਤੇ ਲਕਵਾ ਮਾਰ ਗਿਆ। ਹੁਣ ਤਾਂ ਪੰਜਾਬੀਆਂ ਨੂੰ ਆਪਣੇ ਬੱਚਿਆਂ ਦਾ ਭਵਿੱਖ ਵੀ ਏਥੇ ਸੁਰੱਖਿਅਤ ਨਹੀਂ ਲਗਦਾ, ਜਿਸ ਕਰਕੇ ਇਹਨਾਂ ਨੇ ਆਪਣੀ ਨਵੀਂ ਪੀੜ੍ਹੀ ਨੂੰ ਵਿਦੇਸ਼ਾਂ ਵਿਚ ਸੈੱਟ ਕਰਨਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਦੇ ਬੀਤੇ ਦੋ ਦਹਾਕੇ ਪੰਜਾਬੀ ਸਾਹਿਤ ਅਤੇ ਚਿੰਤਨ ਵਿਚ ਵੀ ਖੜੋਤ ਦੇ ਸੰਕੇਤ ਦਿੰਦੇ ਹਨ। ਇਹਨਾਂ ਸਮਿਆਂ ਨੇ ਕੋਈ ਵੱਡੀ ਸਾਹਿਤਕ ਹਸਤੀ ਜਾਂ ਸਾਹਿਤਕ ਰਚਨਾ ਨੂੰ ਜਨਮ ਨਹੀਂ ਦਿੱਤਾ, ਜਿਸ ਨੂੰ ਯੁੱਗ-ਪੁਰਸ਼ ਜਾਂ ਯੁੱਗ-ਚੇਤਨਾ ਦੀ ਰਚਨਾ ਕਿਹਾ ਜਾਵੇ। ਜਿਵੇਂ ਨਜ਼ਮ ਹੁਸੈਨ ਸੱਯਦ ਦੇ ਮੱਧਯੁਗੀ ਸਾਹਿਤ ਅਧਿਐਨ ਦੀ ਵਿਆਖਿਆ ਕਰਦਿਆਂ ਡਾ. ਤੇਜਵੰਤ ਸਿੰਘ ਗਿੱਲ ਨੇ ਆਪਣੀ ਪੁਸਤਕ 'ਪੰਜਾਬੀ ਸਾਹਿਤ : ਸਮੀਖਿਆ ਅਤੇ ਵਿਹਾਰ' ਵਿਚ ਕਿਹਾ ਸੀ ਕਿ ਜਿਸ ਕੌਮ ਨੂੰ ਵਰਤਮਾਨ ਵਿਚ ਕੁਝ ਗੌਲਣਯੋਗ ਨਾ ਦਿਸਦਾ ਹੋਵੇ, ਉਹ ਆਪਣੇ ਅਤੀਤ ਨੂੰ ਵਡਿਆਉਣ ਲੱਗ ਪੈਂਦੀ ਹੈ। ਅਜਿਹੀ ਸਥਿਤੀ ਹੀ ਪੰਜਾਬੀ ਆਲੋਚਨਾ ਦੀ ਹੁਣ ਲਗਦੀ ਹੈ। ਪਿਛਲੀ ਸਦੀ ਦੇ ਵੱਡੇ ਆਲੋਚਕ ਬਹੁ-ਭਾਸ਼ਾਈ ਅਤੇ ਬਹੁ-ਵਿਧਾਈ ਗਿਆਨ ਦੇ ਮਾਲਕ ਸਨ, ਜਿਸ ਕਾਰਨ ਉਹਨਾਂ ਦੇ ਗਿਆਨ ਸ੍ਰੋਤ ਵਧੇਰੇ ਹੋਣ ਕਾਰਨ ਉਹ ਪੰਜਾਬੀ ਸਾਹਿਤ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖਦੇ-ਪਰਖਦੇ ਅਤੇ ਜੋਖਦੇ ਸਨ, ਜਿਸ ਨਾਲ ਵਿਚਾਰਾਤਮਕ ਵਿਭਿੰਨਤਾ ਬਣੀ ਰਹਿੰਦੀ ਸੀ। ਦੂਸਰੇ ਪਾਸੇ ਬੀਤੀ ਸਦੀ ਵਿਸ਼ਵ ਰੰਗ-ਮੰਚ ਤੇ ਕਈ ਰੰਗ (ਬਸਤੀਆਂ ਬਣਾਉਣੀਆਂ ਅਤੇ ਬਸਤੀਆਂ ਛੱਡਣੀਆਂ, ਗੁਲਾਮ ਵੇਚਣ-ਖਰੀਦਣ ਦੀ ਪਰੰਪਰਾ, ਦੋ ਵਿਸ਼ਵ-ਯੁੱਧ, ਸਾਹਿਤ ਅਤੇ ਕਲਾ ਵਿਚ ਕਦੇ ਕਲਾਸਿਕਵਾਦ, ਕਦੇ ਰੁਮਾਂਸਵਾਦ, ਕਦੇ ਮਾਰਕਸਵਾਦ ਅਤੇ ਕਦੇ ਰੂਪਵਾਦ ਸੰਰਚਨਾਵਾਦ ਦੀ ਆਮਦ) ਬਿਖੇਰ ਗਈ। ਵਰਤਮਾਨ ਸਦੀ ਵਿਚ ਸਰਮਾਏਦਾਰੀ ਦਾ ਸਾਰਾ ਜ਼ੋਰ ਇਕਸਾਰਤਾ (ਖੁੱਲ੍ਹੀ ਮੰਡੀ ਰਾਹੀਂ ਮੁਕਤ ਵਪਾਰ ਲਈ) ਬਣਾਉਣ 'ਤੇ ਲੱਗਾ ਹੈ। ਬਾਕੀ ਸਭ ਕਿਸਮ ਦੀਆਂ ਗਤੀਵਿਧੀਆਂ ਨੂੰ (ਇਤਿਹਾਸ ਦਾ ਖਾਤਮਾ, ਵਿਚਾਰਧਾਰਾਵਾਂ ਦਾ ਖਾਤਮਾ, ਸਥਾਨਕ ਕਲਚਰ ਅਤੇ ਬੋਲੀਆਂ ਦਾ ਖਾਤਮਾ) ਹਾਸ਼ੀਏ 'ਤੇ ਲੈ ਜਾਇਆ ਗਿਆ ਹੈ। ਅਜਿਹੀ ਸਥਿਤੀ ਵਿਚ ਨਵੇਂ ਵਿਚਾਰਾਂ ਵਿਚ ਸੁਸਤੀ ਆਉਣੀ ਸੁਭਾਵਕ ਹੀ ਸੀ। ਪਿਛਲੇ ਸਾਲਾਂ ਵਿਚ ਪੰਜਾਬੀ ਆਲੋਚਨਾ ਵਿਚ ਇਕ ਨਵਾਂ ਟਰੈਂਡ ਦੇਖਣ ਵਿਚ ਆਇਆ ਹੈ ਕਿ ਨਵੇਂ ਵਿਚਾਰਾਂ/ਸਿਧਾਂਤਾਂ ਦੀ ਅਣਹੋਂਦ ਕਾਰਨ ਆਈ ਖੜੋਤ ਨੂੰ ਤੋੜਨ ਲਈ ਸਾਡੇ ਵਿਦਵਾਨ ਆਪਣੀਆਂ ਪੁਰਾਣੀਆਂ ਮੁੱਲਵਾਨ ਰਚਨਾਵਾਂ ਨੂੰ ਵਾਚਣ ਲੱਗ ਪਏ ਹਨ। ਡਾ. ਸੁਖਦੇਵ ਸਿੰਘ ਸਿਰਸਾ ਨੇ ਲਾਜਵੰਤੀ ਰਾਮਾਕ੍ਰਿਸ਼ਨਾ ਦੀ 1930 ਦੇ ਕਰੀਬ ਅੰਗਰੇਜ਼ੀ ਵਿਚ ਛਪੀ ਮਸ਼ਹੂਰ ਪੁਸਤਕ (Punjabi Sufi Poets) ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਸੂਫੀ ਕਵੀ ਸਿਰਲੇਖ ਅਧੀਨ 2017 ਵਿਚ ਛਪਵਾਇਆ ਹੈ। ਡਾ. ਆਤਮ ਸਿੰਘ ਰੰਧਾਵਾ ਨੇ ਆਪਣੀ ਪੁਸਤਕ ਉਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ ਵਿਚ ਉੱਤਰ-ਆਧੁਨਿਕਤਾ ਬਾਰੇ ਕੁਝ ਨਵੇਂ ਤੱਥ ਜੋੜ ਕੇ ਵੀਹ ਸਾਲਾਂ ਬਾਅਦ ਇਸ ਦੀ 2021 ਵਿਚ ਪੁਨਰ ਪ੍ਰਕਾਸ਼ਨਾ ਕਰਵਾਈ ਹੈ। ਇੰਝ ਹੀ ਡਾ. ਹਰਿਭਜਨ ਸਿੰਘ ਭਾਟੀਆ ਆਪਣੀ 2021 ਵਿਚ ਪ੍ਰਕਾਸ਼ਿਤ ਪੁਸਤਕ ਪੰਜਾਬੀ ਗਲਪ : ਪੜਚੋਲ ਦਰ ਪੜਚੋਲ ਦੇ ਆਦਿ ਕਥਨ ਵਿਚ ਲਿਖਦੇ ਹਨ ਕਿ, "ਪੰਜਾਬੀ ਗਲਪ : ਪੜਚੋਲ ਦਰ ਪੜਚੋਲ ਮੇਰੀ ਗਲਪ ਚਿੰਤਨ ਸੰਬੰਧੀ ਪ੍ਰਥਮ ਮੌਲਿਕ ਕ੍ਰਿਤ ਪੰਜਾਬੀ ਗਲਪ : ਸੰਵਾਦ ਤੇ ਸਮੀਖਿਆ ਦਾ ਸੋਧਿਆ ਅਤੇ ਵਧਾਇਆ ਸੰਸਕਰਣ ਹੈ"। ਇਸੇ ਲੜੀ ਵਿਚ ਅਸੀਂ ਹਥਲੀ ਪੁਸਤਕ 'ਮਾਰਕਸਵਾਦੀ ਸਮੀਖਿਆ-ਸਿਧਾਂਤ' ਨੂੰ ਵੇਖਦੇ-ਸਮਝਦੇ ਹਾਂ, ਜਿਸ ਨੂੰ ਪੰਜਾਬੀ ਦੇ ਪ੍ਰਮੁੱਖ ਵਿਦਵਾਨ ਆਲੋਚਕ ਸੁਰਜੀਤ ਸਿੰਘ ਭੱਟੀ ਨੇ 1984 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕਰਵਾਇਆ ਸੀ ਅਤੇ ਹੁਣ 2021 ਵਿਚ ਇਹ ਪੁਸਤਕ ਦੁਬਾਰਾ ਪ੍ਰਕਾਸ਼ਿਤ ਹੁੰਦੀ ਹੈ।

ਮਾਰਕਸਵਾਦੀ ਵਿਚਾਰਧਾਰਾ ਦਾ ਪੰਜਾਬ ਦੇ ਵਿਚਾਰਧਾਰਕ ਧਰਾਤਲ ਵਿਚ ਦਾਖਲਾ ਤਾਂ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਪੈਦਾ ਹੋਈ ਗਦਰ ਲਹਿਰ ਨਾਲ ਹੀ ਹੋ ਗਿਆ ਸੀ। 1917 ਦੀ ਰੂਸੀ ਕ੍ਰਾਂਤੀ ਨੇ ਇਸ ਵਿਚਾਰਧਾਰਾ ਨੂੰ ਵਿਸ਼ਵ ਪੱਧਰ 'ਤੇ ਸਰਗਰਮ ਕਰ ਦਿੱਤਾ ਸੀ ਅਤੇ 1935 ਵਿਚ ਵਿਸ਼ਵ ਪੱਧਰ 'ਤੇ ਬਣੇ 'ਪ੍ਰਗਤੀਵਾਦੀ ਲੇਖਕ ਸੰਘ' ਨੇ ਇਸ ਨੂੰ ਪੂਰੇ ਵਿਸ਼ਵ ਵਿਚ ਫੈਲਾ ਦਿੱਤਾ। ਭਾਰਤ ਅਤੇ ਪੰਜਾਬ ਦੇ ਸਾਹਿਤ ਵਿਚ ਵੀ ਇਸ ਵਿਚਾਰਧਾਰਾ ਨੇ ਏਸੇ ਸਮੇਂ ਸਰਗਰਮੀ ਫੜੀ। 1957 ਵਿਚ ਸੰਤ ਸਿੰਘ ਸੇਖੋਂ ਦੀ ਪੁਸਤਕ 'ਸਾਹਿਤਿਆਰਥ' ਛਪਣ ਨਾਲ ਇਸ ਵਿਚਾਰਧਾਰਾ ਨੇ ਪੰਜਾਬੀ ਆਲੋਚਨਾ ਨੂੰ ਪੂਰੀ ਤਰ੍ਹਾਂ ਆਪਣੇ ਕਲਾਵੇ ਵਿਚ ਲੈ ਲਿਆ। ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦੀ ਇਕ-ਦੂਸਰੇ ਦਾ ਵਿਰੋਧ ਕਰਕੇ ਪ੍ਰਚਾਰ ਕਰਨ ਵਾਲੀ ਜੋੜੀ ਤੋਂ ਬਾਅਦ ਇਸ ਵਿਚਾਰਧਾਰਾ ਨੂੰ ਭਾਵੁਕਤਾ ਵਿੱਚੋਂ ਕੱਢ ਕੇ ਸਹੀ ਦ੍ਰਿਸ਼ਟੀਕੋਣ ਤੋਂ ਵਿਸ਼ਵ ਵਿਆਪੀ ਸੁਧਾਰਾਂ ਜਾਂ ਚੁਣੌਤੀਆਂ ਦੇ ਸਨਮੁੱਖ ਪੇਸ਼ ਕਰਨ ਦੀ ਜ਼ਿੰਮੇਵਾਰੀ ਸੁਰਜੀਤ ਸਿੰਘ ਭੱਟੀ ਅਤੇ ਹਰਿਭਜਨ ਸਿੰਘ ਭਾਟੀਆ ਨੇ ਆਪਣੇ ਸਿਰ ਲਈ। ਇਸੇ ਸਿਲਸਿਲੇ ਵਿਚ ਸੁਰਜੀਤ ਸਿੰਘ ਭੱਟੀ ਨੇ ਇਹ ਆਪਣੀ ਪਹਿਲੀ ਪੁਸਤਕ ਲਿਖੀ, ਜੋ ਲਗਾਤਾਰ ਵਿਚਾਰ ਅਧੀਨ ਰਹੀ ਹੈ ਅਤੇ ਵਿਦਿਆਰਥੀਆਂ, ਖੋਜਾਰਥੀਆਂ ਵਿਚ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਜਿੱਥੇ 1984-85 ਵਿਚ ਭੱਟੀ ਪੰਜਾਬੀ ਆਲੋਚਨਾ ਵਿਚ ਗਰਮਜੋਸ਼ੀ ਨਾਲ ਪ੍ਰਵੇਸ਼ ਕਰਨ ਵਾਲਾ ਨੌਜਵਾਨ ਆਲੋਚਕ ਸੀ, ਉਥੇ ਹੁਣ ਉਸ ਦਾ ਨਾਂਅ ਪੰਜਾਬੀ ਦੇ ਪ੍ਰਮੁੱਖ ਚਿੰਤਕਾਂ ਵਿਚ ਸ਼ੁਮਾਰ ਹੈ। ਉਹ ਦਰਜਨ ਕੇ ਕਰੀਬ ਮਹੱਤਵਪੂਰਨ ਆਲੋਚਨਾ ਪੁਸਤਕਾਂ ਦੀ ਰਚਨਾ ਕਰ ਚੁੱਕਾ ਹੈ, ਜਿਸ ਸਦਕਾ ਉਹਨਾਂ ਦਾ ਦਰਜਾ ਉਸਤਾਦ ਵਿਦਵਾਨਾਂ ਵਾਲਾ ਬਣ ਗਿਆ ਹੈ। ਉਹਨਾਂ ਦੀਆਂ ਬਹੁਤ ਸਾਰੀਆਂ ਪੁਸਤਕਾਂ ਇਕ ਤੋਂ ਵੱਧ ਵਾਰ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਇਸ ਪੁਸਤਕ ਦੀ ਅੱਜ ਦੇ ਸਮੇਂ ਵਿਚ ਹੋਰ ਵੀ ਮਹੱਤਤਾ ਵਧ ਗਈ ਹੈ। ਕਾਰਨ ਇਹ ਹੈ ਕਿ ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਪੂੰਜੀਵਾਦ ਆਪਣੇ ਨਿੱਤ ਨਵੇਂ ਰੂਪ ਬਦਲ ਕੇ ਲੋਕਾਂ ਨੂੰ ਭਰਮਾ ਰਿਹਾ ਹੈ, ਪਰ ਲੋਕਾਂ ਦੇ ਅਮਲੀ ਜੀਵਨ ਵਿਚ ਸੁਧਾਰ ਆਉਣ ਦੀ ਥਾਂ ਹਾਲਾਤ ਹੋਰ ਬਦਤਰ ਬਣਦੇ ਜਾ ਰਹੇ ਹਨ। ਅਜਿਹੇ ਸਮੇਂ ਵਿਚ ਗੁਰੂ ਨਾਨਕ ਦੀ ਸੰਗਤ ਪੰਗਤ ਦੀ ਨੀਤੀ ਅਨੁਸਾਰ ਬਣਿਆ ਮਾਰਕਸਵਾਦੀ ਵਿਚਾਰਾਂ ਦਾ ਢਾਂਚਾ ਹੀ ਲੋਕਾਂ ਲਈ ਇਕ ਆਸ ਦੀ ਕਿਰਨ ਬਣਦਾ ਨਜ਼ਰ ਆਉਂਦਾ ਹੈ।

ਇਸ ਪੁਸਤਕ ਦੇ ਦੋ ਹਿੱਸੇ ਹਨ, ਪਹਿਲੇ ਹਿੱਸੇ ਵਿਚ ਮਾਰਕਸਵਾਦੀ ਫਲਸਫੇ ਦੇ ਮੂਲ ਸੰਕਲਪਾਂ ਨਾਲ ਜਾਣ-ਪਛਾਣ ਕਰਵਾਈ ਗਈ ਹੈ ਅਤੇ ਦੂਸਰੇ ਹਿੱਸੇ ਵਿਚ ਇਸ ਵਿਚਾਰਧਾਰਾ ਨੂੰ ਵਿਕਸਿਤ ਕਰਨ ਵਾਲੇ ਪ੍ਰਮੁੱਖ ਵਿਦਵਾਨਾਂ ਦੇ ਯੋਗਦਾਨ ਨੂੰ ਵਿਚਾਰਿਆ ਗਿਆ ਹੈ। ਪੁਸਤਕ ਦੇ ਸ਼ੁਰੂ ਵਿਚ ਦਰਸ਼ਨ, ਵਿਗਿਆਨ, ਕਲਾ, ਸਾਹਿਤ, ਧਰਮ, ਨੈਤਿਕਤਾ ਆਦਿ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ ਅਤੇ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਦੇਣ ਤੋਂ ਬਾਅਦ ਦਰਸ਼ਨ ਨੂੰ ਪਰਿਭਾਸ਼ਤ ਕਰਦਿਆਂ ਸੁਰਜੀਤ ਸਿੰਘ ਭੱਟੀ ਲਿਖਦਾ ਹੈ ਕਿ, "ਦਰਸ਼ਨ ਸੰਸਾਰ ਨੂੰ ਸਮੁੱਚੇ ਰੂਪ ਵਿਚ ਸਿਧਾਂਤ-ਬੱਧ ਵਿਧੀ ਰਾਹੀਂ ਸਮਝਣ ਦਾ ਯਤਨ ਕਰਦਾ ਹੈ। ਇਹ ਪ੍ਰਕ੍ਰਿਤੀ, ਸਮਾਜ ਅਤੇ ਮਨੁੱਖ ਬਾਰੇ ਸਾਮਾਨਯ ਧਾਰਨਾਵਾਂ ਨੂੰ ਇਕ ਅਖੰਡ ਸਿਧਾਂਤ ਵਿਚ ਸ਼ਾਮਲ ਕਰ ਦਿੰਦਾ ਹੈ।" ਏਸੇ ਤਰ੍ਹਾਂ ਉਹ ਕਲਾ ਨੂੰ ਦਰਸ਼ਨ ਨਾਲੋਂ ਨਿਖੇੜਨ ਲਈ ਲਿਖਦਾ ਹੈ ਕਿ, "ਜਿੱਥੇ ਕਲਾ ਸਾਨੂੰ ਸੌਂਦਰਯ ਨੂੰ ਸਮਝਣਾ ਸਿਖਾਉਂਦੀ ਹੈ, ਉਥੇ ਦਰਸ਼ਨ ਸਾਨੂੰ ਦਵੰਦਾਤਮਕ ਪੱਧਰ ਉੱਤੇ ਚਿੰਤਨ ਕਰਨਾ ਸਿਖਾਉਂਦਾ ਹੈ।" ਇੰਜ ਹੀ ਭੱਟੀ ਨੇ ਦਰਸ਼ਨ ਨਾਲ ਜੁੜਵੇਂ ਵਿਸ਼ਿਆਂ ਬਾਰੇ ਲਿਖ ਕੇ ਮਾਰਕਸਵਾਦ ਨੂੰ ਇਕ ਦਰਸ਼ਨ ਅਤੇ ਸੋਚਣ ਦੀ ਇਕ ਵਿਧੀ, ਵਿਸ਼ਵ ਦ੍ਰਿਸ਼ਟੀਕੋਣ, ਜੀਵਨ ਦ੍ਰਿਸ਼ਟੀਕੋਣ, ਸਮਾਜ ਸ਼ਾਸਤ੍ਰ ਵਜੋਂ ਪਰਿਭਾਸ਼ਤ ਕੀਤਾ ਹੈ। ਉਹ ਸਾਰਤਰ ਦੇ ਹਵਾਲੇ ਨਾਲ ਲਿਖਦੇ ਹਨ ਕਿ, "ਮਨੁੱਖ ਦੇ ਹੁਣ ਤੱਕ ਦੇ ਸਮੁੱਚੇ ਗਿਆਨ ਵਿਚ ਮਾਰਕਸਵਾਦ ਅਜਿਹਾ ਅੰਤਿਮ ਪੜਾਅ ਹੈ, ਜਿਸ ਤੋਂ ਅੱਗੇ, ਕਿਸੇ ਨਵੀਂ ਦਿਸ਼ਾ ਦੀ ਅਜੇ ਕੋਈ ਸੰਭਾਵਨਾ ਨਹੀਂ।" ਡਾ. ਭੱਟੀ ਨੇ ਮਾਰਕਸਵਾਦ ਦੇ ਪੈਦਾ ਹੋਣ ਤੋਂ ਪਹਿਲਾਂ ਦੇ ਸਾਰੇ ਵਿਚਾਰਾਤਮਕ ਪਰਿਪੇਖ 'ਤੇ ਚਾਨਣਾ ਪਾ ਕੇ ਦੱਸਿਆ ਹੈ ਕਿ ਮਾਰਕਸਵਾਦ ਨੇ ਆਪਣੇ ਸਮੇਂ ਤੱਕ ਦੇ ਸਮੁੱਚੇ ਗਿਆਨ ਨਾਲ ਦਵੰਦਵਾਦੀ ਰਗੜ ਖਾ ਕੇ ਹੀ ਆਪਣੇ ਆਪ ਨੂੰ ਸ੍ਰੇਸ਼ਠ ਗਿਆਨ ਸਿੱਧ ਕੀਤਾ ਹੈ। ਇਸ ਦਾ ਜਨਮ ਕੁਦਰਤੀ ਹੋਇਆ ਹੈ। ਵਿਗਿਆਨ ਦੀ ਤਰੱਕੀ ਅਤੇ ਮਾਦੇ ਦੀ ਵਿਸ਼ੇਸ਼ ਸਥਿਤੀ ਨੇ ਇਸ ਨੂੰ ਪੈਦਾ ਕੀਤਾ ਹੈ ਅਤੇ ਹੁਣ ਇਹ ਅਗਲੇ ਗਿਆਨ ਨਾਲ ਆਪਣੇ-ਆਪ ਨੂੰ ਨਵਿਆਉਂਦਾ ਰਹੇਗਾ, ਜਿਸ ਕਾਰਨ ਇਸ ਦਾ ਦਰਜਾ ਅਮਰਤਵ ਵਾਲਾ ਹੈ।

ਪਦਾਰਥ ਪਹਿਲਾਂ ਹੋਂਦ ਵਿਚ ਆਇਆ ਕਿ ਚੇਤਨਾ? ਦਰਸ਼ਨ ਦੇ ਇਸ ਮੁਢਲੇ ਸਵਾਲ ਦੇ ਹੱਲ ਨਾਲ ਇਸ ਫਲਸਫੇ ਦਾ ਜਨਮ ਹੁੰਦਾ ਹੈ। ਮਾਰਕਸਵਾਦੀ ਫਲਸਫਾ ਪਦਾਰਥ ਨੂੰ ਪਹਿਲਾਂ ਹੋਂਦ ਵਿਚ ਆਇਆ ਮੰਨਦਾ ਵੀ ਹੈ ਅਤੇ ਸਿੱਧ ਵੀ ਕਰਦਾ ਹੈ। ਇਸੇ ਪ੍ਰਕਾਰ ਅਧਿਆਤਮਵਾਦ ਦਾ ਪ੍ਰਚਾਰ ਕਿ 'ਦਿਸਦੇ ਸੰਸਾਰ ਨੂੰ ਸਮਝਿਆ ਨਹੀਂ ਜਾ ਸਕਦਾ' ਦੇ ਉਲਟ ਮਾਰਕਸਵਾਦੀ ਫਲਸਫਾ ਕਹਿੰਦਾ ਹੈ ਕਿ ਇਸ ਸੰਸਾਰ ਨੂੰ ਸਮਝਿਆ ਜਾ ਸਕਦਾ ਹੈ। ਇੰਝ ਇਹ ਦਿਸਦੇ ਸੰਸਾਰ ਨੂੰ ਵੇਖਣ-ਸਮਝਣ ਵਾਲੀ ਅਧਿਆਤਮਵਾਦੀ ਵਿਧੀ ਦੇ ਵਿਰੋਧ ਵਿਚ ਪਦਾਰਥਵਾਦੀ ਵਿਧੀ ਵਜੋਂ ਵੀ ਆਪਣੀ ਹੋਂਦ ਸਥਾਪਤ ਕਰਦਾ ਹੈ।

ਜਿਸ ਸੰਸਾਰ ਵਿਚ ਮਨੁੱਖ ਜਨਮਦੇ, ਵਿਕਾਸ ਕਰਦੇ ਅਤੇ ਮਰਦੇ ਹਨ, ਉਸ ਸੰਸਾਰ ਨੂੰ ਸਮਝਣ ਲਈ ਮਾਰਕਸਵਾਦ ਨੇ ਕੁਝ ਬੁਨਿਆਦੀ ਸੰਕਲਪਾਂ ਦੀ ਵਿਗਿਆਨਕ ਵਿਆਖਿਆ ਕੀਤੀ ਹੈ, ਜਿਵੇਂ ਪਦਾਰਥ ਕੀ ਹੈ? ਗਤੀ ਕੀ ਹੁੰਦੀ ਹੈ ਅਤੇ ਇਸ ਦੇ ਕਿੰਨੇ ਰੂਪ ਹਨ? ਸਮਾਂ ਅਤੇ ਸਥਾਨ ਕੀ ਹੁੰਦਾ ਹੈ? ਚੇਤਨਾ ਕਿਸ ਨੂੰ ਕਹਿੰਦੇ ਹਨ? ਦਵੰਦਵਾਦ ਕੀ ਹੈ ਅਤੇ ਇਸ ਦੇ ਕਿਹੜੇ ਨਿਯਮ ਕੰਮ ਕਰਦੇ ਹਨ? ਮਾਤ੍ਰਿਕ ਤਬਦੀਲੀਆਂ ਦੇ ਸਿਫਤੀ ਤਬਦੀਲੀਆਂ ਵਿਚ ਬਦਲਣ ਦੇ ਨਿਯਮ, ਨਿਖੇਧ ਦੇ ਨਿਖੇਧ ਦਾ ਨਿਯਮ, ਇੰਝ ਹੀ ਦਵੰਦਵਾਦੀ ਪਦਾਰਥਵਾਦ ਦੇ ਪ੍ਰਵਰਗਾਂ ਵਿਚ (1) ਸਾਮਾਨਯ ਅਤੇ ਵਿਸ਼ੇਸ਼ ਦਾ ਪ੍ਰਵਰਗ, (2) ਸਾਰ ਅਤੇ ਤੱਤ ਦਾ ਪ੍ਰਵਰਗ, (3) ਤੱਤ ਅਤੇ ਵਰਤਾਰੇ ਦਾ ਪ੍ਰਵਰਗ, (4) ਕਾਰਨ ਅਤੇ ਕਾਰਜ ਦਾ ਪ੍ਰਵਰਗ, (5) ਲੋੜ ਅਤੇ ਸਬੱਬ ਦਾ ਪ੍ਰਵਰਗ, (6) ਸੰਭਾਵਨਾ ਅਤੇ ਯਥਾਰਥ ਦਾ ਪ੍ਰਵਰਗ। ਇਹਨਾਂ ਸੰਕਲਪਾਂ ਦੀ ਵਿਆਖਿਆ ਨਾਲ ਡਾ. ਭੱਟੀ ਨੇ ਮਾਰਕਸਵਾਦ ਦੇ ਬੁਨਿਆਦੀ ਸਰੂਪ ਨੂੰ ਸਰਲਤਾ ਨਾਲ ਸਮਝਾਉਣ ਦਾ ਯਤਨ ਕੀਤਾ ਹੈ। ਇਹਨਾਂ ਸੰਕਲਪਾਂ ਨਾਲ ਪਾਠਕ ਨੂੰ ਪਤਾ ਲੱਗ ਜਾਂਦਾ ਹੈ ਕਿ ਮਾਰਕਸਵਾਦ ਅਗਿਆਨ ਜਾਂ ਘੱਟ ਗਿਆਨ ਤੋਂ ਮਨੁੱਖਤਾ ਨੂੰ ਗਿਆਨ ਵੱਲ ਤੋਰਨ ਵਾਲਾ ਵਿਗਿਆਨਕ ਫਲਸਫਾ ਹੈ। ਉਹਨਾਂ ਅਨੁਸਾਰ ਮਾਰਕਸਵਾਦ ਗਿਆਨ ਪ੍ਰਾਪਤੀ ਦਾ ਇਕ ਅਜਿਹਾ ਪ੍ਰਬੰਧ ਹੈ, ਜੋ ਮਨੁੱਖੀ ਅਮਲ/ਗਤੀਵਿਧੀ 'ਤੇ ਨਿਰਭਰ ਹੈ। ਜਿਵੇਂ-ਜਿਵੇਂ ਅਸੀਂ ਇਸ ਮੁੱਢਲੇ ਗਿਆਨ ਨਾਲ ਸੰਸਾਰ ਨੂੰ ਸਮਝਣ ਅਤੇ ਬਦਲਣ ਦਾ ਯਤਨ ਕਰਦੇ ਹਾਂ, ਇਹ ਫਲਸਫਾ ਵੀ ਵਿਕਾਸ ਕਰਦਾ ਜਾਂਦਾ ਹੈ। ਉਹ ਹਰ ਗਤੀਵਿਧੀ ਦੀ ਸਮਝ ਲਈ ਆਤਮ-ਅਨੁਭਵ ਦੀ ਥਾਂ ਬਾਹਰਮੁਖੀ ਘਸਵੱਟੀ ਨੂੰ ਜ਼ਰੂਰੀ ਸਮਝਦੇ ਹਨ। ਇਸ ਘਸਵੱਟੀ ਲਈ ਉਹ ਨਿਰੀਖਣ ਅਤੇ ਤਜਰਬਾ, ਵਿਸ਼ਲੇਸ਼ਣ ਅਤੇ ਸੰਸਲੇਸ਼ਣ, ਆਗਮਨ ਅਤੇ ਨਿਗਮਨ, ਬੋਧ ਦੇ ਇਤਿਹਾਸਕ ਅਤੇ ਨਿਆਇਕ ਢੰਗ, ਅਮੂਰਤ ਅਤੇ ਠੋਸ ਅਤੇ ਗਣਿਤਕ ਢੰਗਾਂ ਨਾਲ ਮਾਡਲ ਬਣਾਉਣ ਦੀ ਵਰਤੋਂ ਨੂੰ ਜ਼ਰੂਰੀ ਸਮਝਦੇ ਹਨ।

ਮਨੁੱਖੀ ਸਮਾਜ ਦੀ ਬਣਤਰ ਅਤੇ ਇਸ ਦੇ ਵ

15-Jan-Sunday.qxd 1/14/2023 10:25 PM Page 6

'ਦੇਖੇ ਰੰਗ ਤਮਾਸ਼ੇ' ਦਾ ਲੋਕ ਅਰਪਣ

ਬੁਆਣੀ-ਪੰਜਾਬੀ ਲਿਖਾਰੀ ਸਭਾ ਰਾਮਪੁਰ ਸਭਾ ਵੱਲੋਂ ਜਨਵਰੀ ਮਹੀਨੇ ਦੀ ਇਕੱਤਰਤਾ ਦੇ ਪਹਿਲੇ ਭਾਗ ਵਿਚ ਕੈਨੇਡਾ ਵਾਸੀ ਲੇਖਕ ਬਲਕੀਤ ਸਿੰਘ (ਬਰਵਾਲਾ) ਦੀ ਪੁਸਤਕ 'ਦੇਖੇ ਰੰਗ ਤਮਾਸ਼ੇ' (ਜੀਵਨੀ ਮੂਲਕ ਯਾਦਾਂ) ਰਾਮਪੁਰ ਸਭਾ ਵੱਲੋਂ ਲੋਕ ਅਰਪਣ ਕੀਤੀ ਗਈ, ਜਿਸ ਦੇ ਪ੍ਰਧਾਨਗੀ ਮੰਡਲ ਵਿਚ ਸਰਦਾਰ ਪੰਛੀ, ਤੇਲੂ ਰਾਮ ਕੁਹਾੜਾ, ਸੁਰਿੰਦਰ ਰਾਮਪੁਰੀ, ਜਸਵੀਰ ਝੱਜ ਤੇ ਗੁਰਪਿੰਦਰ ਸਿੰਘ ਬਰਵਾਲਾ ਸ਼ਾਮਲ ਹੋਏ। ਹਾਜ਼ਰੀਨ ਦਾ ਸੁਆਗਤ ਕਰਦਿਆਂ ਜਸਵੀਰ ਝੱਜ ਨੇ ਕਿਹਾ ਕਿ ਲੇਖਕ ਦੀਆਂ ਲਿਖਤਾਂ ਵਿਚ ਉਸ ਦੀ ਰਚਨਾ ਹੀ ਨਹੀਂ, ਸਗੋਂ ਸਮੇਂ ਦਾ ਵਰਤਾਰਾ ਅਤੇ ਇਤਿਹਾਸ ਵੀ ਦਰਜ ਹੁੰਦਾ ਹੈ। ਤੇਲੂ ਰਾਮ ਕੁਹਾੜਾ ਨੇ ਲੇਖਕ ਤੇ ਪੁਸਤਕ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦੇ 'ਮਨ ਦੇ ਵਲਵਲੇ' ਪਰਚੇ ਵਿਚ ਕਿਹਾ ਕਿ 'ਦੇਖੇ ਰੰਗ ਤਮਾਸ਼ੇ' 1947 ਤੋਂ ਪਹਿਲਾਂ ਪਾਕਿਸਤਾਨ, ਭਾਰਤ ਅਤੇ ਕੈਨੇਡਾ ਤੱਕ ਦੀ ਭਰਪੂਰ ਜਾਣਕਾਰੀ ਨਾਲ ਭਰਪੂਰ ਹੈ। ਸੁਰਿੰਦਰ ਰਾਮਪੁਰੀ ਨੇ ਕਿਹਾ ਕਿ ਮੇਰਾ ਤੇ ਬਲਕੀਤ ਦਾ ਸਾਥ ਲੰਬਾ ਸਮਾਂ ਰਿਹਾ ਹੈ, ਜਿਸ ਕਰਕੇ ਮੈਂ ਪੁਸਤਕ ਦੇ ਕਈ ਖੂਬਸੂਰਤ ਹਿੱਸਿਆਂ ਦਾ ਗਵਾਹ ਹਾਂ। ਸਰਦਾਰ ਪੰਛੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਦੂਸਰੇ ਦੌਰ ਵਿਚ ਸਭਾ ਦੇ ਪ੍ਰਧਾਨ ਜਸਵੀਰ ਝੱਜ ਦੀ ਪ੍ਰਧਾਨਗੀ ਹੇਠ ਰਚਨਾਵਾਂ ਦੇ ਦੌਰ ਵਿਚ ਸਭ ਤੋਂ ਪਹਿਲਾਂ ਪਹਿਲੀ ਵਾਰ ਆਈ ਸ਼ਾਇਰਾ ਤਰਨਜੀਤ ਕੌਰ ਗਰੇਵਾਲ ਅਤੇ ਭਵਨਪ੍ਰੀਤ ਕੌਰ (ਦਸਵੀਂ ਦੀ ਵਿਦਿਆਰਥੀ) ਨੂੰ ਜੀ ਆਇਆਂ ਨੂੰ ਕਿਹਾ। ਮੁਖਤਿਆਰ ਸਿੰਘ ਨੇ ਕਹਾਣੀ 'ਡੌਰੂ', ਤਰਨਜੀਤ ਕੌਰ ਗਰੇਵਾਲ ਨੇ 'ਸਰਸਾ ਨਦੀ 'ਤੇ ਸੀ ਪੈ ਗਿਆ ਵਿਛੋੜਾ', ਕੰਵਲਜੀਤ ਨੀਲੋਂ ਨੇ 'ਜਾਨਵਰ', ਜੋਰਾਵਰ ਸਿੰਘ ਪੰਛੀ ਨੇ 'ਪੋਤੇ ਤੇਰੇ ਸ਼ਹੀਦ ਹੋਏ ਮਾਂ', ਭਵਨਪ੍ਰੀਤ ਕੌਰ ਨੇ 'ਗੁਰੂ ਗੋਬਿੰਦ ਸਿੰਘ ਨੰਦੇੜ ਵਿਖੇ, ਸਿਮਰਨਜੀਤ ਕੌਰ ਅਹਿਲਾਵਤ, ਨੀਤੂ ਰਾਮਪੁਰ, ਬਲਵੰਤ ਮਾਂਗਟ, ਅਜ਼ਾਦ ਵਿਸਮਾਦ, ਜਗਜੀਤ ਸਿੰਘ ਗੁਰਮ ਤੇ ਪ੍ਰਭਜੋਤ ਸਿੰਘ ਨੇ ਕਵਿਤਾ, ਅਨਿਲ ਫਤਿਹਗੜ੍ਹ ਜੱਟਾਂ ਨੇ 'ਢੁੱਲ ਮਹਿਕਦੇ ਲੱਗਣ ਸੋਹਣੇ ਟਹਿਕਦੇ', ਹਰਬੰਸ ਮਾਲਵਾ ਨੇ ਗੀਤ, ਜਸਵੀਰ ਝੱਜ ਨੇ 'ਦਿਨ ਮਹੀਨੇ ਰੁੱਤਾਂ ਮੁੜ ਘਿੜ ਸਾਲ ਓਹੀ ਨੇ', ਵਿਸ਼ਵਿੰਦਰ ਨੇ 'ਝੜ ਰਹੇ ਨੇ ਪੱਤੇ ਜੋ ਪੱਤਝੜ ਵਿਚ' ਗ਼ਜ਼ਲ ਸੁਣਾਈ। ਪੜ੍ਹੀਆਂ-ਸੁਣੀਆਂ ਗਈਆਂ ਰਚਨਾਵਾਂ 'ਤੇ ਰਚਨਾਕਾਰਾਂ ਦੇ ਨਾਲ-ਨਾਲ ਬਲਦੇਵ ਸਿੰਘ ਝੱਜ, ਜਪਨੀਤ ਕੌਰ, ਗੁਣਤਾਸ ਕੌਰ, ਯਸ਼ਪ੍ਰੀਤ ਕੌਰ, ਦਿਲਮਨ ਕੌਰ, ਹਰਲੀਨ ਕੌਰ, ਬਲਜੀਤ ਸਿੰਘ, ਕੁਲਵਿੰਦਰ ਸਿੰਘ, ਰਾਜਿੰਦਰ ਸਿੰਘ, ਗੁਰਸਿਮਰਨ ਸਿੰਘ, ਸੁਖਵੀਰ ਸਿੰਘ, ਡਾ. ਟਹਿਲ ਸਿੰਘ ਜੱਸਲ, ਮਨਪ੍ਰੀਤ ਕੌਰ ਤੇ ਜਸ਼ਨਪ੍ਰੀਤ ਸਿੰਘ ਨੇ ਸਾਰਥਿਕ ਅਤੇ ਉਸਾਰੂ ਟਿੱਪਣੀਆਂ ਕੀਤੀਆਂ। ਜਨਰਲ ਸਕੱਤਰ ਹਰਬੰਸ ਮਾਲਵਾ ਨੇ ਕਾਰਵਾਈ ਬਾਖੂਬੀ ਨਿਭਾਈ।

-ਜਸਵੀਰ ਝੱਜ

'ਸਿਧਾਰਥ' (ਪੰਜਾਬੀ ਰੂਪ) ਦਾ ਲੋਕ ਅਰਪਣ

ਬਰੇਟਾ : ਸਾਹਿਤਕਾਰ ਤੇ ਅਨੁਵਾਦਕ ਜਗਦੀਸ਼ ਰਾਏ ਕੁਲਰੀਆਂ ਵੱਲੋਂ ਵਿਸ਼ਵ ਪ੍ਰਸਿੱਧ ਜਰਮਨ ਲੇਖਕ ਹਰਮਨ ਹੈੱਸ ਦਾ ਨਾਵਲ 'ਸਿਧਾਰਥ' ਪੰਜਾਬੀ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਹੈ, ਜਿਸ ਨੂੰ ਰਿਲੀਜ਼ ਕਰਨ ਦੀ ਰਸਮ ਸ਼ਬਦ ਤ੍ਰਿੰਝਣ ਦੇ ਸੰਪਾਦਕ ਮੰਗਤ ਕੁਲਜਿੰਦ, ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਦੇ ਜਨਰਲ ਸਕੱਤਰ ਸੁਖਦਰਸ਼ਨ ਗਰਗ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਐਡਵੋਕੇਟ ਗੁਰਸੇਵਕ ਰੋੜਕੀ, ਸ ਂ ਗ ਮ ਪਬਲੀਕੇਸ਼ਨਜ਼ ਦੇ ਮੋਹਨ ਲਾਲ, ਬਾਲ ਲੇਖਕ ਬੂਟਾ ਖਾਨ ਸੁੱਖੀ, ਸਾਹਿਤਕਾਰ ਮਹਿੰਦਰਪਾਲ ਬਰੇਟਾ ਤੇ ਅਨੁਵਾਦਕ ਕੁਲਰੀਆਂ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਮੰਗਤ ਕੁਲਜਿੰਦ ਨੇ ਕਿਹਾ ਕਿ ਹੈੱਸ ਦਾ ਜਗਤ ਪ੍ਰਸਿੱਧ ਨਾਵਲ 'ਸਿਧਾਰਥ' ਗੌਤਮ ਬੁੱਧ ਦੇ ਜੀਵਨ ਤੋਂ ਪ੍ਰੇਰਿਤ ਹੈ ਅਤੇ ਇਹ ਇਕ ਸ਼ਾਹਕਾਰ ਨਾਵਲ ਹੈ। ਉਨ੍ਹਾਂ ਨੇ ਇਸ ਦੇ ਅਨੁਵਾਦ ਲਈ ਸ੍ਰੀ ਕੁਲਰੀਆਂ ਨੂੰ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਹੁਣ ਤੱਕ ਕੁਲਰੀਆਂ ਵੱਲੋਂ ਤਿੰਨ ਨਾਵਲ, ਇਕ ਕਹਾਣੀ ਸੰਗ੍ਰਹਿ, ਪੰਜ ਮਿੰਨੀ ਕਹਾਣੀ ਸੰਗ੍ਰਹਿ ਤੇ ਇਕ ਲੇਖ ਸੰਗ੍ਰਹਿ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ ਜਾ ਚੁੱਕਿਆ ਹੈ।

'ਸਮੁੰਦਰਨਾਮ' 'ਤੇ ਵਿਚਾਰ ਚਰਚਾ

ਬਰਨਾਲਾ : ਮਾਲਵਾ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ.ਟੀ.ਆਈ ਵਿਖੇ ਆਪਣਾ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਪ੍ਰਸਿੱਧ ਕਹਾਣੀਕਾਰ ਪਰਮਜੀਤ ਮਾਨ ਦੀ ਪੁਸਤਕ 'ਸਮੁੰਦਰਨਾਮਾ' ਉਪਰ ਗੋਸ਼ਟੀ ਕਰਵਾਈ ਗਈ ਅਤੇ ਸੱਤਪਾਲ ਸਿੰਘ ਧੌਲਾ ਦੇ ਗੀਤ ਸੰਗ੍ਰਹਿ 'ਰੰਗ ਜ਼ਿੰਦਗੀ ਦੇ' ਦਾ ਲੋਕ-ਅਰਪਣ ਕੀਤਾ ਗਿਆ। ਇਹਨਾਂ ਪੁਸਤਕਾਂ ਵਿੱਚੋਂ ਸਮੁੰਦਰਨਾਮਾ ਉਪਰ ਪਰਚਾ ਪੜ੍ਹਦਿਆਂ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਹ ਪੁਸਤਕ ਸਮੁੰਦਰ ਬਾਰੇ ਪੰਜਾਬੀ ਸਾਹਿਤ ਵਿਚ ਇਕ ਨਵਾਂ ਅਧਿਆਇ ਹੈ, ਜਿਸ ਵਿਚ ਪਰਮਜੀਤ ਮਾਨ ਨੇ ਜਲ ਸੈਨਾ ਅਤੇ ਮਰਚੈਂਟ ਨੇਵੀ ਦੌਰਾਨ ਹਾਸਲ ਕੀਤੇ ਆਪਣੇ ਤਜਰਬਿਆਂ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ। ਇਸ ਪੁਸਤਕ ਵਿਚ ਸਮੁੰਦਰੀ ਜੀਵਨ ਬਾਰੇ ਬਹੁਤ ਕੁਝ ਨਵਾਂ ਪੜ੍ਹਨ ਅਤੇ ਸਿੱਖਣ ਨੂੰ ਮਿਲਦਾ ਹੈ। ਇਸ ਸੰਬੰਧੀ ਭੋਲਾ ਸਿੰਘ ਸੰਘੇੜਾ, ਤੇਜਿੰਦਰ ਚੰਡਿਹੋਕ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੇ ਦੂਜੇ ਦੌਰ ਵਿਚ ਸੱਤਪਾਲ ਸਿੰਘ ਧੌਲਾ ਦੀ ਪੁਸਤਕ ਰੰਗ ਜ਼ਿੰਦਗੀ ਦੇ ਗੀਤ ਸੰਗ੍ਰਹਿ ਦੇ ਲੋਕ ਅਰਪਣ 'ਤੇ ਬੋਲਦਿਆਂ ਡਾ. ਰਾਮਪਾਲ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚ ਲੇਖਕ ਨੇ ਜ਼ਿੰਦਗੀ ਦੇ ਹਰ ਰੰਗ ਨੂੰ ਬਾਖੂਬੀ ਚਿਤਰਿਆ ਹੈ। ਜ਼ਿੰਦਗੀ ਰੂਪੀ ਫੁਲਕਾਰੀ ਉਪਰ ਗੀਤ ਰੂਪੀ ਫੁੱਲ ਕੱਢ ਕੇ ਉਸ ਨੇ ਫੁਲਕਾਰੀ ਨੂੰ ਮਹਿਕਣ ਲਗਾ ਦਿੱਤਾ ਹੈ। ਇਸ ਪੁਸਤਕ ਬਾਰੇ ਸਾਗਰ ਸਿੰਘ ਸਾਗਰ, ਦਰਸ਼ਨ ਸਿੰਘ ਗੁਰੂ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਦੋਹਾਂ ਲੇਖਕਾਂ ਨੇ ਆਪਣੀਆਂ ਪੁਸਤਕਾਂ ਬਾਰੇ ਪ੍ਰਤੀਕਰਮ ਦਿੱਤੇ। ਸਭਾ ਵੱਲੋਂ ਇਹਨਾਂ ਦੋਨਾਂ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ।

—ਤੇਜਿੰਦਰ ਚੰਡਿਹੋਕ

'ਖ਼ਾਲੀ ਬੇੜੀਆਂ' ਉੱਪਰ ਵਿਚਾਰ-ਚਰਚਾ

ਸਰੀ-ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਪ੍ਰਸਿੱਧ ਸ਼ਾਇਰ ਬਲਦੇਵ ਸੀਹਰਾ ਦੇ ਗ਼ਜ਼ਲ ਸੰਗ੍ਰਹਿ 'ਖ਼ਾਲੀ ਬੇੜੀਆਂ' ਲੋਕ ਅਰਪਣ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਜਰਨੈਲ ਸਿੰਘ ਸੇਖਾ, ਜਸਵਿੰਦਰ ਅਤੇ ਬਲਦੇਵ ਸੀਹਰਾ ਨੇ ਕੀਤੀ। ਪੁਸਤਕ 'ਖ਼ਾਲੀ ਬੇੜੀਆਂ' ਉਪਰ ਰਾਜਵੰਤ ਰਾਜ ਨੇ ਆਪਣਾ ਪਰਚਾ ਪੜ੍ਹਿਆ। ਰਾਜਵੰਤ ਰਾਜ ਨੇ ਕਿਹਾ ਕਿ ਬਲਦੇਵ ਸੀਹਰਾ ਦਾ ਇਹ ਚੌਥਾ ਗ਼ਜ਼ਲ ਸੰਗ੍ਰਹਿ ਹੈ ਅਤੇ ਪਹਿਲੇ ਗ਼ਜ਼ਲ ਸੰਗ੍ਰਹਿ ਵਾਂਗ ਹੀ ਇਹ ਵੀ ਮੁਹੱਬਤ ਦੀ ਪਰਕਰਮਾ ਕਰਦਾ ਹੈ। ਉਹ ਹਰ ਗ਼ਜ਼ਲ ਵਿਚ ਹੀ ਇਸ਼ਕ ਦੀ ਜ਼ਿਆਰਤ ਕਰਦਾ ਨਜ਼ਰ ਆਉਂਦਾ ਹੈ। ਉਸ ਦੇ ਬਹੁਤੇ ਸ਼ਿਅਰ ਤਾਂਘ, ਵਸਲ, ਵਿਛੋੜਾ, ਬੇਵਫ਼ਾਈ, ਮਜਬੂਰੀ ਦੇ ਰੰਗਾਂ ਵਿਚ ਰੰਗੇ ਹੋਏ ਹਨ। ਮੁਹੱਬਤ ਤੋਂ ਇਲਾਵਾ ਇਸ ਗ਼ਜ਼ਲ ਸੰਗ੍ਰਹਿ ਵਿਚ ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਨੂੰ ਬਲਦੇਵ ਸੀਹਰਾ ਨੇ ਆਪਣੀ ਸ਼ਾਇਰੀ ਵਿਚ ਸ਼ਾਮਲ ਕੀਤਾ ਹੈ। ਅਜੋਕੇ ਸਿਆਸਤਦਾਨਾਂ ਦੇ ਕਿਰਦਾਰ, ਆਪਣੀ ਮਾਤ ਭੂਮੀ ਦਾ ਹੇਰਵਾ, ਕਿਸਾਨੀ ਦੀ ਮੰਦਹਾਲੀ, ਆਮ ਮਨੁੱਖ ਦੀਆਂ ਸਮੱਸਿਆਵਾਂ, ਮਜਬੂਰੀਆਂ, ਧਾਰਮਿਕ ਪਾਖੰਡੀਆਂ ਦੇ ਕਿਰਦਾਰ ਵੀ ਬਲਦੇਵ ਸੀਹਰਾ ਦੇ ਸ਼ਾਇਰੀ ਦਾ ਹਿੱਸਾ ਬਣੇ ਹਨ।

ਜਰਨੈਲ ਸਿੰਘ ਸੇਖਾ ਨੇ ਵੀ ਪੁਸਤਕ ਦੀ ਭੂਮਿਕਾ ਵਿਚ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਜਸਵਿੰਦਰ ਅਤੇ ਗੁਰਦਿਆਲ ਰੌਸ਼ਨ ਵੱਲੋਂ ਬਲਦੇਵ ਸੀਹਰਾ ਦੀ ਸ਼ਖ਼ਸੀਅਤ ਅਤੇ ਸ਼ਾਇਰੀ ਬਾਰੇ ਪ੍ਰਗਟ ਕੀਤੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਨ੍ਹਾਂ ਵਿਚਾਰਾਂ ਤੋਂ ਬਲਦੇਵ ਸੀਹਰਾ ਦੀ ਹਰਮਨ ਪਿਆਰੀ ਸ਼ਖ਼ਸੀਅਤ ਅਤੇ ਸ਼ਾਇਰੀ ਦੇ ਦਰਸ਼ਨ ਹੋ ਜਾਂਦੇ ਹਨ। ਡਾ. ਹਰਜੋਤ ਕੌਰ ਖਹਿਰਾ ਨੇ ਕਿਹਾ ਕਿ ਬਲਦੇਵ ਸੀਹਰਾ ਨੇ ਆਪਣੀ ਸ਼ਾਇਰੀ ਰਾਹੀਂ ਅਜੋਕੇ ਕਾਰਪੋਰੇਟ ਜਗਤ ਵਿਚ ਆਮ ਇਨਸਾਨ ਦੀ ਸੰਵੇਦਨਾ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਅਤੇ ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਨੇ ਗ਼ਜ਼ਲ ਅਤੇ ਕਵਿਤਾ ਬਾਰੇ ਗੰਭੀਰ ਨੁਕਤੇ ਸਾਂਝੇ ਕੀਤੇ ਅਤੇ ਬਲਦੇਵ ਸੀਹਰਾ ਨੂੰ 'ਖ਼ਾਲੀ ਬੇੜੀਆਂ' ਲਈ ਮੁਬਾਰਕਬਾਦ ਦਿੱਤੀ।

ਅੰਤ ਵਿਚ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਪੁਸਤਕ ਉੱਪਰ ਹੋਈ ਸਮੁੱਚੀ ਵਿਚਾਰ ਚਰਚਾ ਨੂੰ ਬਹੁਤ ਹੀ ਸਾਰਥਿਕ ਦੱਸਿਆ ਅਤੇ ਸਮਾਗਮ ਵਿਚ ਹਾਜ਼ਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। 'ਖ਼ਾਲੀ ਬੇੜੀਆਂ' ਨੂੰ ਬਹੁਤ ਹੀ ਖੂਬਸੂਰਤ ਸ਼ਾਇਰੀ ਦਾ ਗੁਲਦਸਤਾ ਦੱਸਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਮੁਹੱਬਤ ਦੇ ਨਾਲ-ਨਾਲ ਚਿੰਤਨ ਵੀ ਕਾਫੀ ਹੈ, ਜੋ ਕਿ ਬਲਦੇਵ ਸੀਹਰਾ ਦੇ ਇਕ ਪ੍ਰੌਢ ਸ਼ਾਇਰ ਹੋਣ ਦਾ ਪ੍ਰਮਾਣ ਹੈ। ਗ਼ਜ਼ਲ ਰਚਨਾ ਬਾਰੇ ਉੱਠੇ ਕੁਝ ਨੁਕਤਿਆਂ ਉਪਰ ਆਪਣੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਾਇਰ ਨੂੰ ਜਿਸ ਬਹਿਰ ਵਿਚ ਜ਼ਿਆਦਾ ਸੌਖ ਹੋਵੇ, ਉਹ ਸਹਿਜ ਮਹਿਸੂਸ ਕਰੇ, ਓਸੇ ਬਹਿਰ ਵਿਚ ਹੀ ਆਪਣੀ ਗੱਲ ਕਹਿਣੀ ਚਾਹੀਦੀ ਹੈ।

—ਹਰਦਮ ਮਾਨ

'ਸ਼ਬਦ ਸਜੀਵ ਹੋ ਜਾਂਦੇ ਨੇ' ਰਿਲੀਜ਼

ਪਟਿਆਲਾ-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਕਵੀ ਡਾ. ਰਾਕੇਸ਼ ਤਿਲਕ ਰਾਜ ਦੇ ਪਲੇਠੇ ਪੰਜਾਬੀ ਕਾਵਿ-ਸੰਗ੍ਰਹਿ 'ਸ਼ਬਦ ਸਜੀਵ ਹੋ ਜਾਂਦੇ ਨੇ' ਦਾ ਲੋਕ ਅਰਪਣ ਅੱਜ ਭਾਸ਼ਾ ਵਿਭਾਗ, ਪੰਜਾਬ, ਸ਼ੇਰਾਂਵਾਲਾ ਗੇਟ, ਪਟਿਆਲਾ ਵਿਖੇ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਡਾ. ਲਖਵਿੰਦਰ ਸਿੰਘ ਜੌਹਲ, ਗੁਰਦਿਆਲ ਰੌਸ਼ਨ, ਡਾ. ਗੁਰਚਰਨ ਕੌਰ ਕੋਚਰ ਅਤੇ ਅਮਰੀਕ ਸਿੰਘ ਤਲਵੰਡੀ ਸ਼ਾਮਲ ਹੋਏ। ਪੰਜਾਬ ਭਰ ਵਿੱਚੋਂ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਸਾਹਿਤਕਾਰਾਂ ਦੀਆਂ ਲਿਖਤਾਂ ਸਮਕਾਲੀ ਸਮਾਜ ਦਾ ਦਰਪਣ ਹੁੰਦੀਆਂ ਹਨ, ਜੋ ਪਾਠਕਾਂ ਨੂੰ ਹਨੇਰੇ ਕੋਨਿਆਂ ਤੋਂ ਚਾਨਣ ਵੱਲ ਲਿਜਾਂਦੀਆਂ ਹਨ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਰਾਮ ਲਾਲ ਭਗਤ ਨੇ ਕਿਹਾ ਕਿ ਹਰ ਚੰਗੀ ਲਿਖਤ ਸਦੀਵੀ ਤੌਰ 'ਤੇ ਜ਼ਿੰਦਾ ਰਹਿੰਦੀ ਹੈ। ਮੁੱਖ ਮਹਿਮਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਡਾ. ਰਾਕੇਸ਼ ਤਿਲਕ ਰਾਜ ਦੀ ਕਵਿਤਾ ਸਾਂਝੀ ਕਰਦਿਆਂ ਧਾਰਨਾ ਪ੍ਰਗਟ ਕੀਤੀ ਕਿ ਹਰ ਲੇਖਕ ਦਾ ਸਮਾਜ ਨੂੰ ਦੇਖਣ ਦਾ ਆਪਣਾ ਨਜ਼ਰੀਆ ਹੁੰਦਾ ਹੈ। ਅਮਰੀਕ ਸਿੰਘ ਤਲਵੰਡੀ ਦਾ ਮਤ ਸੀ ਕਿ ਸਾਹਿਤਕਾਰ ਜੋ ਮਹਿਸੂਸ ਕਰਦਾ ਹੈ, ਆਪਣੀ ਕਲਮ ਰਾਹੀਂ ਉਸ ਨੂੰ ਸ਼ਿੰਗਾਰ ਕੇ ਸਮਾਜ ਅੱਗੇ ਹੀ ਪਰੋਸ ਦਿੰਦਾ ਹੈ। ਪੁਸਤਕ ਰਚੈਤਾ ਡਾ. ਰਾਕੇਸ਼ ਤਿਲਕ ਰਾਜ ਨੇ ਆਪਣੀ ਰਚਨਾ-ਪ੍ਰਕਿਰਿਆ ਬਾਰੇ ਸੁੰਦਰ ਢੰਗ ਨਾਲ ਚਾਨਣਾ ਪਾਉਂਦਿਆਂ ਦੱਸਿਆ ਕਿ ਸਮਾਜ ਵਿੱਚੋਂ ਪ੍ਰਾਪਤ ਕੀਤੇ ਕੌੜੇ-ਮਿੱਠੇ ਅਨੁਭਵ ਉਸ ਦੀਆਂ ਲਿਖਤਾਂ ਦਾ ਆਧਾਰ ਬਣਦੇ ਹਨ ਅਤੇ ਉਹ ਰਚਨਾ ਮੁਕੰਮਲ ਕਰਨ ਤੋਂ ਬਾਅਦ ਸਕੂਨ ਹਾਸਲ ਕਰਦੇ ਹਨ। ਪੁਸਤਕ ਉਪਰ ਡਾ. ਅਰਵਿੰਦਰ ਕੌਰ ਕਾਕੜਾ ਨੇ ਪੇਪਰ ਪੜ੍ਹਿਆ, ਜਦੋਂ ਕਿ ਗੀਤਕਾਰ ਧਰਮ ਕੰਮੇਆਣਾ, ਕਵੀ ਬਲਵਿੰਦਰ ਸਿੰਘ ਸੰਧੂ, ਬਲਵਿੰਦਰ ਸਿੰਘ ਭੱਟੀ ਅਤੇ ਖੋਜਾਰਥਣ ਪਰਵਿੰਦਰ ਕੌਰ ਆਦਿ ਨੇ ਪੁਸਤਕ ਬਾਰੇ ਵੱਖ-ਵੱਖ ਪੱਖਾਂ ਤੋਂ ਭਰਪੂਰ ਚਰਚਾ ਕੀਤੀ। ਸਮਾਗਮ ਦੇ ਦੂਜੇ ਦੌਰ ਵਿਚ ਗੁਰਚਰਨ ਸਿੰਘ ਪੱਬਾਰਾਲੀ, ਸੁਖਮਿੰਦਰ ਸਿੰਘ ਸੇਖੋਂ, ਸੁਰਿੰਦਰ ਕੌਰ ਬਾੜਾ, ਡਾ. ਰਣਜੀਤ ਸੈਂਭੀ, ਪਰਮਿੰਦਰ ਅਮਨ, ਇੰਜੀ. ਪਰਵਿੰਦਰ ਸ਼ੋਖ, ਨਵੀਨ ਕਮਲ ਭਾਰਤੀ, ਅਮਰ ਗਰਗ ਕਲਮਦਾਨ, ਸਤੀਸ਼ ਵਿਦਰੋਹੀ, ਗੁਰਪ੍ਰੀਤ ਸਿੰਘ ਜਖਵਾਲੀ, ਬਾਬੂ ਸਿੰਘ ਰੈਹਲ, ਪਰਮਿੰਦਰ ਕੌਰ ਅਮਨ, ਬਲਬੀਰ ਸਿੰਘ ਦਿਲਦਾਰ, ਕੁਲਵਿੰਦਰ ਕੁਮਾਰ ਬਹਾਦਰਗੜ੍ਹ, ਗੁਰਿੰਦਰ ਸਿੰਘ ਪੰਜਾਬੀ, ਜਗਜੀਤ ਸਿੰਘ ਸਾਹਨੀ, ਜੱਗਾ ਰੰਗੂਵਾਲ, ਕੁਲਵੰਤ ਸਿੰਘ ਸੈਦੋਕੇ ਆਦਿ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

ਤ੍ਰੈਮਾਸਿਕ 'ਮਿੰਨੀ' ਦਾ

15-JAN-PAGE-1.qxd 1/14/2023 10:48 PM Page 1

ਐਤਵਾਰ, 15 ਜਨਵਰੀ, 2023
2 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 226

ਨਵਾਂ ਜ਼ਮਾਨਾ

DAILY NAWAN ZAMANA • SUNDAY, 15 JANUARY, 2023

ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਚੌਧਰੀ ਸੰਤੋਖ ਸਿੰਘ ਦਾ ਦੇਹਾਂਤ

ਭਾਰਤ ਜੋੜੋ ਯਾਤਰਾ ਦੌਰਾਨ ਪਿਆ ਦਿਲ ਦਾ ਦੌਰਾ

ਫਿਲੌਰ/ਜਲੰਧਰ (ਨਿਰਮਲ/ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਕਾਂਗਰਸ ਦੇ ਜਲੰਧਰ ਤੋਂ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਦੀ ਸ਼ਨੀਵਾਰ ਸਵੇਰੇ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਹ 76 ਸਾਲਾਂ ਦੇ ਸਨ। ਪਿੰਡ ਭੱਟੀਆਂ ਨੇੜੇ ਜਦੋਂ ਉਨ੍ਹਾ ਨੂੰ ਦਿਲ ਦੌਰਾ ਪਿਆ ਤਾਂ ਤੁਰੰਤ ਐਂਬੂਲੈਂਸ ਦੀ ਮਦਦ ਨਾਲ ਫਗਵਾੜਾ ਦੇ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾ ਨੂੰ ਮ੍ਰਿਤਕ ਐਲਾਨ ਦਿੱਤਾ। ਇਹ ਯਾਤਰਾ ਸ਼ਨੀਵਾਰ ਸਵੇਰੇ ਲਾਡੂਵਾਲ ਟੋਲ ਪਲਾਜ਼ੇ ਤੋਂ ਜਲੰਧਰ ਜ਼ਿਲ੍ਹੇ 'ਚ ਦਾਖਲ ਹੋਈ ਸੀ, ਜਿਸ ਹਲਕੇ ਤੋਂ ਸੰਤੋਖ ਸਿੰਘ ਸੰਸਦ ਮੈਂਬਰ ਸਨ। ਹਾਲ ਦੀ ਘੜੀ ਯਾਤਰਾ ਰੋਕ ਦਿੱਤੀ ਗਈ ਹੈ। ਰਾਹੁਲ ਗਾਂਧੀ ਯਾਤਰਾ ਛੱਡ ਕੇ ਇੱਥੋਂ ਰਵਾਨਾ ਹੋ ਗਏ ਹਨ। ਕਰੀਬ 8.45 ਵਜੇ ਉਨ੍ਹਾ ਦੀ ਸਿਹਤ ਵਿਗੜ ਗਈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਚੌਧਰੀ ਸੰਤੋਖ ਸਿੰਘ ਦੇ ਘਰ ਜਾ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਉਹ ਕਰੀਬ 40 ਮਿੰਟਾਂ ਤੱਕ ਪਰਵਾਰ ਨਾਲ ਰਹੇ। ਉਨ੍ਹਾ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨਾਲ ਗੱਲਬਾਤ ਕੀਤੀ। ਜਾਣਕਾਰੀ ਮੁਤਾਬਕ ਚੌਧਰੀ ਸੰਤੋਖ ਸਿੰਘ ਦਾ ਅੰਤਮ ਸੰਸਕਾਰ 15 ਜਨਵਰੀ ਨੂੰ ਉਨ੍ਹਾ ਦੇ ਜਲੰਧਰ ਜ਼ਿਲ੍ਹੇ 'ਚ ਸਥਿਤ ਪਿੰਡ ਧਾਲੀਵਾਲ ਕਾਦੀਆਂ 'ਚ ਸਵੇਰੇ 11 ਵਜੇ ਕੀਤਾ ਜਾਵੇਗਾ।

ਚੌਧਰੀ ਸੰਤੋਖ ਸਿੰਘ ਦੇ ਅਚਾਨਕ ਦੇਹਾਂਤ ਤੋਂ ਬਾਅਦ ਪਾਰਟੀ ਨੇ ਭਾਰਤ ਜੋੜੋ ਯਾਤਰਾ ਨੂੰ 24 ਘੰਟਿਆਂ ਲਈ ਮੁਲਤਵੀ ਕਰ ਦਿੱਤਾ। ਇਸ ਦੇ ਨਾਲ ਹੀ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਨੇ ਦੱਸਿਆ ਕਿ ਸੀਨੀਅਰ ਕਾਂਗਰਸੀ ਆਗੂ ਅਤੇ ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੇ ਅਚਾਨਕ ਦਿਹਾਂਤ ਕਾਰਨ ਭਾਰਤ ਜੋੜੋ ਯਾਤਰਾ ਅਗਲੇ 24 ਘੰਟਿਆਂ ਲਈ ਮੁਲਤਵੀ ਕਰ ਦਿੱਤੀ ਗਈ ਹੈ। ਇਹ ਯਾਤਰਾ ਅੱਜ ਬਾਅਦ ਦੁਪਹਿਰ ਖਾਲਸਾ ਕਾਲਜ ਗਰਾਊਂਡ, ਜਲੰਧਰ ਤੋਂ ਮੁੜ ਸ਼ੁਰੂ ਹੋਵੇਗੀ। ਐਤਵਾਰ ਨੂੰ ਜਲੰਧਰ 'ਚ ਰਾਹੁਲ ਗਾਂਧੀ ਦੀ ਪ੍ਰੈੱਸ ਕਾਨਫਰੰਸ ਨੂੰ ਵੀ ਰੱਦ ਕਰ ਦਿੱਤਾ ਹੈ। ਹੁਣ ਇਹ ਪ੍ਰੈੱਸ ਕਾਨਫਰੰਸ 17 ਜਨਵਰੀ ਨੂੰ ਹੁਸ਼ਿਆਰਪੁਰ 'ਚ ਹੋਵੇਗੀ।

ਚੌਧਰੀ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਜਲੰਧਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਸਨ। ਉਹਨਾ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਜਿੱਤੀਆਂ। ਉਹ ਪੰਜਾਬ ਕਾਂਗਰਸ ਦੇ ਦਿੱਗਜ਼ ਆਗੂਆਂ 'ਚੋਂ ਇੱਕ ਸਨ। 2004 ਤੋਂ 2010 ਤੱਕ ਉਹ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਰਹੇ। 2002 'ਚ ਉਹ ਕਾਂਗਰਸ ਦੀ ਟਿਕਟ 'ਤੇ ਫਿਲੌਰ ਵਿਧਾਨ ਸਭਾ ਸੀਟ ਤੋਂ ਜਿੱਤ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਚੁਣੇ ਗਏ। ਉਹ ਪੰਜਾਬ ਸਰਕਾਰ 'ਚ ਕੈਬਨਿਟ ਮੰਤਰੀ ਵੀ ਰਹੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਦਾ ਪ ਗ ਟ

● ਬਾਕੀ ਸਫ਼ਾ 10 'ਤੇ

ਸਿਆਸੀ ਜੀਵਨ

ਸੰਤੋਖ ਸਿੰਘ ਚੌਧਰੀ ਦਾ ਜਨਮ 18 ਜੂਨ 1946 ਨੂੰ ਨਕੋਦਰ ਦੇ ਪਿੰਡ ਧਾਲੀਵਾਲ 'ਚ ਪਿਤਾ ਮਾਸਟਰ ਗੁਰਬੰਤਾ ਸਿੰਘ ਅਤੇ ਮਾਤਾ ਸੰਪੂਰਨ ਦੇ ਘਰ ਹੋਇਆ। ਸੰਤੋਖ ਸਿੰਘ ਚੌਧਰੀ ਨੇ ਬੀ ਏ ਅਤੇ ਐੱਲ ਐੱਲ ਬੀ ਦੀ ਪੜ੍ਹਾਈ ਕੀਤੀ। ਚੌਧਰੀ ਨੂੰ ਸਿਆਸਤ ਵਿਰਾਸਤ 'ਚ ਮਿਲੀ। ਉਹਨਾ ਦੇ ਪਿਤਾ ਮਾਸਟਰ ਗੁਰਬੰਤਾ ਸਿੰਘ ਪੰਜਾਬ ਦੇ ਅਨੁਸੂਚਿਤ ਜਾਤੀਆਂ ਦੇ ਲੀਡਰ ਰਹੇ, ਜੋ ਪੰਜਾਬ ਤੋਂ ਲੈ ਕੇ ਕੇਂਦਰ ਸਰਕਾਰ ਤੱਕ ਮੰਤਰੀ ਰਹੇ। ਸੰਤੋਖ ਸਿੰਘ ਚੌਧਰੀ ਦੇ ਵੱਡੇ ਭਰਾ ਜਗਜੀਤ ਸਿੰਘ ਕਰਤਾਰਪੁਰ ਵਿਧਾਨ ਸਭਾ ਹਲਕੇ ਤੋਂ ਤਿੰਨ ਵਾਰ ਵਿਧਾਇਕ ਚੁਣੇ ਗਏ ਅਤੇ 2002 ਤੋਂ 2007 ਤੱਕ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਰਹੇ।

ਜਲੰਧਰ ਤੋਂ ਮੌਜੂਦਾ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਨੇ 1978 'ਚ ਪੰਜਾਬ ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਦੇ ਰੂਪ 'ਚ ਆਪਣੇ ਰਾਜਨੀਤਕ ਸਫਰ ਦੀ ਸ਼ੁਰੂਆਤ ਕੀਤੀ। ਕਰਤਾਰਪੁਰ ਤੋਂ ਵੱਡੇ ਭਰਾ ਦੇ ਸਰਗਰਮ ਹੋਣ ਕਾਰਨ ਫਿਲੌਰ (ਰਿਜ਼ਰਵ) ਵਿਧਾਨ ਸਭਾ ਹਲਕੇ 'ਚ ਆਪਣੀ ਸਿਆਸੀ ਜ਼ਮੀਨ ਤਿਆਰ ਕੀਤੀ। 1992 ਤੋਂ 1997 ਤੱਕ ਫਿਲੌਰ ਹਲਕੇ ਤੋਂ ਵਿਧਾਇਕ ਰਹੇ। ਇਨ੍ਹਾ ਚੋਣਾਂ ਦੌਰਾਨ ਬਸਪਾ ਦੇ ਦੇਵ ਰਾਜ ਸੰਧੂ ਨੂੰ ਹਰਾਇਆ। ਸਾਲ 1992 ਤੋਂ 1995 ਤੱਕ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਮੁੱਖ ਸੰਸਦੀ ਸਕੱਤਰ ਰਹੇ, ਫਿਰ ਸਿਹਤ ਮੰਤਰਾਲੇ ਦੇ ਸੂਬਾ ਮੰਤਰੀ ਬਣੇ ਅਤੇ ਕੈਬਨਿਟ ਮੰਤਰੀ ਰਹੇ। 1997 'ਚ ਫਿਲੌਰ ਹਲਕੇ 'ਚ ਅਕਾਲੀ ਦਲ ਦੇ ਸਰਵਣ ਸਿੰਘ ਫਿਲੌਰ ਤੋਂ ਚੋਣ ਹਾਰ ਗਏ। ਸੰਤੋਖ ਸਿੰਘ ਚੌਧਰੀ ਸਾਲ 1997-1998 ਤੱਕ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਸਾਲ 2002 ਤੋਂ 2007 ਤੱਕ ਚੌਧਰੀ ਫਿਲੌਰ ਤੋਂ ਕਾਂਗਰਸ ਦੇ ਵਿਧਾਇਕ ਰਹੇ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਚ ਸਮਾਜਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ, ਮੈਡੀਕਲ ਐਜੂਕੇਸ਼ਨ ਮੰਤਰਾਲੇ ਦੇ ਕੈਬਨਿਟ ਮੰਤਰੀ ਰਹੇ। ਸਾਲ 2012 'ਚ ਫਿਲੌਰ ਹਲਕੇ ਤੋਂ ਅਕਾਲੀ ਦਲ ਦੇ ਅਵਿਨਾਸ਼ ਚੰਦਰ ਤੋਂ ਹਾਰੇ । 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਜਲੰਧਰ ਤੋਂ ਚੌਧਰੀ ਦਾ ਮੁਕਾਬਲਾ ਅਕਾਲੀ ਦਲ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਨਾਲ ਸੀ। ਚੌਧਰੀ ਨੇ ਇਨ੍ਹਾਂ ਚੋਣਾਂ 'ਚ ਟੀਨੂੰ ਨੂੰ ਹਰਾ ਕੇ ਜਿੱਤ ਹਾਸਲ ਕੀਤੀ। ਇਸ ਦੇ ਬਾਅਦ 2019 'ਚ ਲੋਕ ਸਭਾ ਚੋਣਾਂ ਜਿੱਤ ਕੇ ਜਲੰਧਰ ਤੋਂ ਸੰਸਦ ਮੈਂਬਰ ਰਹੇ। 2019 ਦੀਆਂ ਲੋਕ ਸਭਾ ਚੋਣਾਂ 'ਚ ਚੌਧਰੀ ਨੇ ਅਕਾਲੀ ਦਲ ਦੇ ਚਰਨਜੀਤ ਸਿੰਘ ਅਟਵਾਲ ਨੂੰ ਹਰਾਇਆ।

ਪਹਾੜਾਂ 'ਤੇ ਬਰਫਬਾਰੀ, ਮੈਦਾਨਾਂ 'ਚ ਠੰਢ ਭਾਰੀ

ਸ਼ਿਮਲਾ/ਚੰਡੀਗੜ੍ਹ : ਉੱਤਰ ਭਾਰਤ 'ਚ ਕੜਾਕੇ ਦੀ ਠੰਢ ਪੈ ਰਹੀ ਹੈ ਤਾਂ ਦੇਸ਼ ਦੇ ਤਿੰਨ ਸੂਬੇ ਬਰਫਬਾਰੀ ਦਾ ਸਾਹਮਣਾ ਕਰ ਰਹੇ ਹਨ। ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਦੇ ਉਚਾਈ ਵਾਲੇ ਇਲਾਕਿਆਂ 'ਚ ਬਰਫਬਾਰੀ ਹੋ ਰਹੀ ਹੈ। ਮੌਸਮ ਵਿਭਾਗ ਮੁਤਾਬਕ ਤਿੰਨ ਦਿਨ ਇਸੇ ਤਰ੍ਹਾਂ ਦਾ ਮੌਸਮ ਰਹਿਣ ਵਾਲਾ ਹੈ। ਬਰਫਬਾਰੀ ਕਾਰਨ ਰੋਹਤਾਂਗ ਦੱਰਾ ਪਹਿਲਾਂ ਹੀ ਆਵਾਜਾਈ ਲਈ ਬੰਦ ਕੀਤਾ ਜਾ ਚੁੱਕਾ ਹੈ। ਇਸ ਦੇ ਨਾਲ ਹੀ ਅਟਲ ਸੁਰੰਗ ਵੀ ਆਵਾਜਾਈ ਲਈ ਬੰਦ ਕਰ ਦਿੱਤੀ ਗਈ।

ਪੰਜਾਬ ਅਤੇ ਹਰਿਆਣਾ 'ਚ ਠੰਢ ਦਾ ਕਹਿਰ ਜਾਰੀ ਹੈ। ਸ਼ਨੀਵਾਰ ਸਵੇਰੇ ਪੰਜਾਬ 'ਚ ਸੰਘਣੀ ਧੁੰਦ ਰਹੀ, ਜਿਸ ਕਰਕੇ ਆਮ ਜਨ ਜੀਵਨ ਪ੍ਰਭਾਵਤ ਹੋਇਆ। ਮੌਸਮ ਵਿਭਾਗ ਅਨੁਸਾਰ ਸ਼ਨੀਵਾਰ ਬਠਿੰਡਾ ਸਭ ਤੋਂ ਠੰਢਾ ਸ਼ਹਿਰ ਰਿਹ, ਜਿੱਥੇ ਘੱਟੋ-ਘੱਟ ਤਾਪਮਾਨ 0.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਰਾਜਧਾਨੀ ਚੰਡੀਗੜ੍ਹ 'ਚ ਤਾਪਮਾਨ 11.4 ਡਿਗਰੀ ਸੈਲਸੀਅਸ, ਅੰਮ੍ਰਿਤਸਰ 1.2 ਡਿਗਰੀ ਸੈਲਸੀਅਸ, ਲੁਧਿਆਣਾ 9.6 ਡਿਗਰੀ ਸੈਲਸੀਅਸ, ਫਰੀਦਕੋਟ 4.8 ਡਿਗਰੀ ਸੈਲਸੀਅਸ, ਗੁਰਦਾਸਪੁਰ 4 ਡਿਗਰੀ ਸੈਲਸੀਅਸ, ਮੋਗਾ ਵਿੱਚ 5.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਗਿਆਨ ਦਾ ਕਹਿਣਾ ਹੈ ਕਿ ਪੰਜਾਬ ਅਤੇ ਹਰਿਆਣਾ ਵਿੱਚ 18 ਜਨਵਰੀ ਤੱਕ ਸੰਘਣੀ ਧੁੰਦ ਜਾਰੀ ਰਹੇਗੀ। ਮੌਸਮ ਵਿਭਾਗ ਨੇ ਦੱਸਿਆ ਕਿ 15 ਜਨਵਰੀ ਤੋਂ ਪੰਜਾਬ, ਹਰਿਆਣਾ, ਦਿੱਲੀ ਅਤੇ ਯੂ ਪੀ 'ਚ ਸੀਤ ਲਹਿਰ ਵਾਪਸ ਆਉਣ ਦੀ ਸੰਭਾਵਨਾ ਹੈ।

ਸ੍ਰੀਨਗਰ : ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ 'ਚ ਜਿੱਥੇ ਪਿਛਲੇ 24 ਘੰਟਿਆਂ ਦੌਰਾਨ ਸੀਜ਼ਨ ਦੀ ਪਹਿਲੀ ਬਰਫਬਾਰੀ ਹੋਈ, ਉਥੇ ਇਸ ਦੌਰਾਨ ਉੱਚੇ ਇਲਾਕਿਆਂ 'ਚ ਭਾਰੀ ਬਰਫਬਾਰੀ ਹੋਈ। ਬਰਫਬਾਰੀ ਤੇ ਮੀਂਹ ਕਾਰਨ ਜਨਜੀਵਨ ਪ੍ਰਭਾਵਤ ਹੋ ਗਿਆ। ਸ੍ਰੀਨਗਰ-ਜੰਮੂ ਹਾਈਵੇ ਸ਼ਨੀਵਾਰ ਲਗਾਤਾਰ ਦੂਜੇ ਦਿਨ ਵੀ ਬੰਦ ਰਿਹਾ। ਸ੍ਰੀਨਗਰ 'ਚ ਘੱਟੋ-ਘੱਟ ਤਾਪਮਾਨ ਮਨਫੀ 0.1 ਡਿਗਰੀ, ਪਹਿਲਗਾਮ 'ਚ ਮਨਫੀ 5.9 ਅਤੇ ਗੁਲਮਰਗ ਵਿੱਚ ਮਨਫੀ 11 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਲੱਦਾਖ ਖੇਤਰ 'ਚ, ਕਾਰਗਿਲ 'ਚ ਘੱਟੋ-ਘੱਟ ਤਾਪਮਾਨ ਮਨਫੀ 8.4 ਅਤੇ ਲੇਹ 'ਚ 12 ਡਿਗਰੀ ਹੇਠਾਂ ਸੀ। ਭਾਰੀ ਮੀਂਹ ਤੇ ਬਰਫਬਾਰੀ ਕਾਰਨ ਵੈਸ਼ਨੋ ਦੇਵੀ ਦੀ ਹੈਲੀਕਾਪਟਰ ਸੇਵਾ ਬੰਦ ਕਰ ਦਿੱਤੀ ਗਈ ਹੈ। ਜ਼ਮੀਨ ਖਿਸਕਣ ਕਾਰਨ ਕਈ ਮੁੱਖ ਸੜਕਾਂ ਬੰਦ ਹਨ। ਹਿਮਾਚਲ 'ਚ ਬਰਫਬਾਰੀ ਕਾਰਨ 3 ਰਾਸ਼ਟਰੀ ਰਾਜ ਮਾਰਗਾਂ ਸਮੇਤ 194 ਸੜਕਾਂ ਬੰਦ ਰਹੀਆਂ।

ਉੱਤਰ ਭਾਰਤ 'ਚ ਮਨਫੀ ਤਾਪਮਾਨ ਹੋਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ : ਸਕਾਈਮੇਟ

ਨਵੀਂ ਦਿੱਲੀ : ਕੁਝ ਦਿਨ ਪਹਿਲਾਂ ਦਿੱਲੀ ਸਮੇਤ ਪੂਰੇ ਭਾਰਤ 'ਚ ਤਾਪਮਾਨ ਜ਼ੀਰੋ ਤੋਂ ਥੱਲੇ ਮਨਫੀ 4 ਡਿਗਰੀ ਸੈਲਸੀਅਸ ਤੱਕ ਜਾਣ ਦੀਆਂ ਅਖ਼ਬਾਰਾਂ 'ਚ ਸੁਰਖੀਆਂ ਬਣੀਆਂ ਸਨ। ਇਸ ਖ਼ਬਰ ਨੇ ਜਿੱਥੇ ਕਈ ਲੋਕਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਸਨ ਤਾਂ ਕਈ ਲੋਕ ਇਸ ਤਰ੍ਹਾਂ ਦੇ ਵੀ ਸਨ, ਜੋ ਉਸ ਦਿਨ ਤੋਂ ਹੀ ਸਾਵਧਾਨੀਆਂ ਵਰਤਣ ਲੱਗ ਗਏ ਸਨ, ਪਰ ਹੁਣ ਮੌਸਮ ਦੀ ਭਵਿੱਖਬਾਣੀ ਕਰਨ ਵਾਲੀ ਇੱਕ ਨਿੱਜੀ ਏਜੰਸੀ ਸਕਾਈਮੇਟ ਨੇ ਕਿਹਾ ਹੈ ਕਿ ਉਤਰ ਭਾਰਤ 'ਚ ਮਨਫੀ 4 ਡਿਗਰੀ ਤਾਪਮਾਨ ਜਾਣ ਦੀਆਂ ਖ਼ਬਰਾਂ ਸਿਰਫ਼ ਅਫਵਾਹ ਹਨ। ਅਖ਼ਬਾਰਾਂ ਅਤੇ ਟੀ ਵੀ ਚੈਨਲਾਂ ਵੱਲੋਂ ਇਹ ਗਲਤ ਭਵਿੱਖਬਾਣੀ ਹੈ। ਇਹ ਪਬਲੀਸਿਟੀ ਹਾਸਲ ਕਰਨ ਦਾ ਨਵਾਂ ਤਰੀਕਾ ਹੈ, ਹੋਰ ਕੁਝ ਨਹੀਂ। ਸਕਾਈਮੇਟ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਅਫਵਾਹਾਂ 'ਤੇ ਵਿਸ਼ਵਾਸ ਨਾ ਕਰੋ। ਸਕਾਈਮੇਟ ਨੇ ਕਿਹਾ ਕਿ ਦਿੱਲੀ 'ਚ ਤਾਪਮਾਨ ਮਨਫੀ ਚਾਰ 'ਤੇ ਜਾਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਦਿੱਲੀ 'ਚ ਛੇਤੀ ਹੀ ਠੰਢ ਤੋਂ ਰਾਹਤ ਮਿਲਣ ਵਾਲੀ ਹੈ। ਸਕਾਈਮੇਟ ਨੇ ਕਿਹਾ ਕਿ ਦਿੱਲੀ 'ਚ 16 ਤੋਂ 18 ਜਨਵਰੀ ਵਿਚਾਲੇ ਘੱਟੋ-ਘੱਟ ਤਾਪਮਾਨ 3 ਤੋਂ 4 ਡਿਗਰੀ ਅਤੇ ਵੱਖ-ਵੱਖ ਇਲਾਕਿਆਂ 'ਚ ਘੱਟੋ-ਘੱਟ ਤਾਪਮਾਨ 2 ਡਿਗਰੀ ਹੋ ਸਕਦਾ ਹੈ, ਪਰ ਇਹ ਕਦੀ ਵੀ ਜ਼ੀਰੋ ਤੋਂ ਥੱਲੇ ਨਹੀਂ ਜਾਵੇਗਾ।

ਪੇਸ਼ਾਵਰ 'ਚ ਪੁਲਸ ਸਟੇਸ਼ਨ 'ਤੇ ਹਮਲਾ, 3 ਅਫਸਰਾਂ ਦੀ ਮੌਤ

ਇਸਲਾਮਾਬਾਦ : ਪਾਕਿਸਤਾਨ 'ਚ ਪੇਸ਼ਾਵਰ ਦੇ ਸਰਬੰਦ ਪੁਲਸ ਸਟੇਸ਼ਨ 'ਤੇ ਸ਼ਨੀਵਾਰ ਨੂੰ ਅੱਤਵਾਦੀ ਹਮਲਾ ਹੋਇਆ। ਇਸ ਹਮਲੇ 'ਚ ਤਿੰਨ ਪੁਲਸ ਅਧਿਕਾਰੀਆਂ ਦੀ ਮੌਤ ਹੋ ਗਈ। ਪੁਲਸ ਮੁਤਾਬਕ ਹਮਲੇ 'ਚ 6 ਤੋਂ 8 ਅੱਤਵਾਦੀ ਸ਼ਾਮਲ ਸਨ। ਉਹ ਗਰਨੇਡ ਅਤੇ ਸਨਾਈਪਰ ਗੰਨ ਲੈ ਕੇ ਪੁਲਸ ਸਟੇਸ਼ਨ 'ਚ ਆਏ। ਪੁਲਸ ਸਟੇਸ਼ਨ 'ਚ ਉਸ ਸਮੇਂ 12 ਤੋਂ 14 ਪੁਲਸ ਅਧਿਕਾਰੀ ਮੌਜੂਦ ਸਨ। ਸਾਰੇ ਅੱਤਵਾਦੀ ਘਟਨਾ ਸਥਾਨ ਤੋਂ ਭੱਜਣ 'ਚ ਕਾਮਯਾਬ ਰਹੇ। ਅੱਤਵਾਦੀਆਂ ਨੇ ਪੁਲਸ ਸਟੇਸ਼ਨ ਨੂੰ ਚਾਰੇ ਪਾਸਿਓਂ ਘੇਰ ਕੇ ਹਮਲਾ ਕੀਤਾ। ਉਨ੍ਹਾਂ ਅਤੇ ਪੁਲਸ ਅਫਸਰਾਂ ਵਿਚਾਲੇ ਮੁਕਾਬਲਾ ਲੱਗਭੱਗ 2 ਘੰਟੇ ਚੱਲਿਆ।

ਸਕੂਲਾਂ 'ਚ ਮੁੜ ਵਧੀਆਂ ਸਰਦੀਆਂ ਦੀਆਂ ਛੁੱਟੀਆਂ

ਚੰਡੀਗੜ੍ਹ : ਉੱਤਰ ਭਾਰਤ 'ਚ ਠੰਢ ਦਾ ਪੂਰਾ ਜ਼ੋਰ ਪੈ ਰਿਹਾ ਹੈ, ਜਿਸ ਕਾਰਨ ਹਰਿਆਣਾ ਅਤੇ ਚੰਡੀਗੜ੍ਹ 'ਚ ਸਕੂਲਾਂ ਦੀਆਂ ਛੁੱਟੀਆਂ 'ਚ ਵਾਧਾ ਕਰ ਦਿੱਤਾ ਗਿਆ ਹੈ। ਇਹ ਛੁੱਟੀਆਂ ਛੋਟੀਆਂ ਜਮਾਤਾਂ ਲਈ ਵਧਾਈਆਂ ਗਈਆਂ ਹਨ, ਜਦਕਿ ਵੱਡੀਆਂ ਜਮਾਤਾਂ ਦੇ ਸਕੂਲ ਜਾਰੀ ਰਹਿਣਗੇ। ਹਰਿਆਣਾ ਸਰਕਾਰ ਨੇ ਠੰਢ ਦੇ ਮੱਦੇਨਜ਼ਰ 22 ਜਨਵਰੀ ਤੱਕ ਛੁੱਟੀਆਂ 'ਚ ਵਾਧਾ ਕੀਤਾ ਹੈ। ਹੁਣ ਇਸ ਫੈਸਲੇ ਨਾਲ 23 ਜਨਵਰੀ ਨੂੰ ਸੂਬੇ ਦੇ ਸਕੂਲ ਖੁੱਲ੍ਹਣਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੂਬਾ ਸਰਕਾਰ ਨੇ 15 ਜਨਵਰੀ ਤੱਕ ਸਕੂਲਾਂ ਦੀਆਂ ਛੁੱਟੀਆਂ 'ਚ ਵਾਧਾ ਕੀਤਾ ਸੀ, ਪਰ ਠੰਢ ਕਾਰਨ ਮੁੜ ਛੁੱਟੀਆਂ ਨੂੰ ਵਧਾਉਣਾ ਪਿਆ। ਸਰਕਾਰ ਵੱਲੋਂ ਐਲਾਨ ਮੁਤਾਬਕ 10ਵੀਂ ਤੇ 12ਵੀਂ ਜਮਾਤ ਨੂੰ ਛੱਡ ਕੇ ਬਾਕੀ ਸਾਰੀਆਂ ਜਮਾਤਾਂ ਨੂੰ ਛੁੱਟੀਆਂ ਰਹਿਣਗੀਆਂ। ਦੂਜੇ ਪਾਸੇ ਚੰਡੀਗੜ੍ਹ ਪ੍ਰਸ਼ਾਸਨ ਨੇ ਵੀ ਛੋਟੀਆਂ ਜਮਾਤਾਂ ਨੂੰ ਛੁੱਟੀਆਂ ਵਧਾ ਕੇ 21 ਜਨਵਰੀ ਤੱਕ ਕਰ ਦਿੱਤੀਆਂ ਹਨ, ਜਦਕਿ 9ਵੀਂ ਤੋਂ 12ਵੀਂ ਤੱਕ ਦੀਆਂ ਜਮਾਤਾਂ ਜਾਰੀ ਰਹਿਣਗੀਆਂ।

ਕ੍ਰਿਪਟੋ ਕਰੰਸੀ ਜੂਏ ਤੋਂ ਇਲਾਵਾ ਕੁਝ ਨਹੀਂ : ਆਰ ਬੀ ਆਈ ਗਵਰਨਰ

ਨਵੀਂ ਦਿੱਲੀ : ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕ੍ਰਿਪਟੋ ਕਰੰਸੀ ਨੂੰ ਇੱਕ ਭਰਮ ਦੱਸਿਆ ਹੈ। ਸ਼ਕਤੀਕਾਂਤ ਦਾਸ ਨੇ ਕਿਹਾ

page-6-15-(JAN)-2023-G-(BV).qxd 1/14/2023 10:59 PM Page 1

ਕੰਡਿਆਲੀ ਤਾਰ ਸੰਬੰਧੀ ਕੇਂਦਰ ਦਾ ਫੈਸਲਾ ਸ਼ਲਾਘਾਯੋਗ: ਧਾਲੀਵਾਲ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਯਤਨਾਂ ਸਦਕਾ ਕੇਂਦਰ ਸਰਕਾਰ ਕੰਡਿਆਲੀ ਤਾਰ ਨੂੰ ਅੱਗੇ ਲੈ ਕੇ ਜਾ ਰਹੀ ਹੈ ਜਿਸ ਨਾਲ ਕਿਸਾਨਾਂ ਨੂੰ ਵੱਡਾ ਫਾਇਦਾ ਹੋਵੇਗਾ ਅਤੇ ਕੇਂਦਰ ਸਰਕਾਰ ਦਾ ਇਹ ਫੈਸਲਾ ਬਹੁਤ ਹੀ ਸ਼ਲਾਘਾਯੋਗ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤਾ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਨ ਸਰਕਾਰ ਨੇ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਧਿਆਨ ਵਿਚ ਕੰਡਿਆਲੀ ਤਾਰ ਦਾ ਮੁੱਦਾ ਚੁੱਕਿਆ ਸੀ ਕਿ ਇਸ ਤਾਰ ਨੂੰ ਕੁੱਝ ਅੱਗੇ ਲੈ ਕੇ ਜਾਇਆ ਜਾਵੇ ਤਾਂ ਜੋ ਕਿਸਾਨਾਂ ਨੂੰ ਫਾਇਦਾ ਮਿਲ ਸਕੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੰਤਰੀਆਂ ਨੇ ਕੇਵਲ ਆਪਣੇ ਹਿੱਤ ਦੇ ਮੁੱਦੇ ਹੀ ਚੁੱਕੇ ਸਨ ਜਦਕਿ ਇਹ ਕੰਮ ਅੱਜ ਤੋਂ 50 ਸਾਲ ਪਹਿਲਾਂ ਹੀ ਹੋ ਜਾਣੇ ਚਾਹੀਦੇ ਸਨ। ਉਨ੍ਹਾਂ ਕਿਹਾ ਕਿ ਅਸੀਂ ਇਕ ਸਾਲ ਦੇ ਅੰਦਰ-ਅੰਦਰ ਹੀ ਕਿਸਾਨਾਂ ਦੇ ਹਿੱਤਾਂ ਲਈ ਕਈ ਅਹਿਮ ਫੈਸਲੇ ਕੀਤੇ ਹਨ ਅਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

ਸ: ਧਾਲੀਵਾਲ ਨੇ ਦੱਸਿਆ ਕਿ ਭੱਲਾ ਪਿੰਡ ਦੀ ਸ਼ੂਗਰ ਮਿੱਲ ਦਾ ਯਾਰਡ ਜੋ ਕਿ ਪਿਛਲੇ ਕਾਫ਼ੀ ਸਮੇਂ ਤੋਂ ਬਦਤਰ ਹਾਲਤ ਵਿੱਚ ਸੀ ਅਤੇ ਕਿਸਾਨਾਂ ਨੂੰ ਇਥੇ ਟਰੈਕਟਰ-ਟਰਾਲੀਆਂ ਖੜ੍ਹੀ ਕਰਨ ਵਿੱਚ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਹ ਯਾਰਡ ਦੋ ਮਹੀਨੇ ਵਿਚ ਹੀ ਨਵਾਂ ਬਣਾਇਆ ਜਾਵੇਗਾ ਅਤੇ ਕੰਕਰੀਟ ਦਾ ਵਧੀਆ ਫਰਸ਼ ਪਾਇਆ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਕ ਹਫ਼ਤੇ ਦੇ ਅੰਦਰ ਹੀ ਗੰਨੇ ਦੀ ਅਦਾਇਗੀ ਕਰ ਦਿੱਤੀ ਜਾਂਦੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਦੱਸਿਆ ਕਿ ਅੱਜ ਰਾਵੀ ਦਰਿਆ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਆਪਣੇ ਸੰਦ ਲੈ ਕੇ ਜਾਣ ਲਈ ਤਿੰਨ ਬੇੜੇ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਸੁਰੱਖਿਆ ਕਾਰਨਾਂ ਕਰਕੇ ਇਥੇ ਪੱਕੇ ਪੁਲ ਨਹੀਂ ਬਣਾਏ ਜਾ ਸਕਦੇ ਪਰ ਜਲਦ ਹੀ ਇਥੇ ਕਿਸਾਨਾਂ ਦੇ ਫਾਇਦਾ ਲਈ ਪਲਟੂਨ ਪੁਲ ਬਣਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਅਜਨਾਲੇ ਹਲਕੇ ਦਾ ਵਿਕਾਸ ਤੇਜ਼ੀ ਨਾਲ ਹੋ ਰਿਹਾ ਹੈ ਅਤੇ ਵਿਕਾਸ ਦੇ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ 19 ਮਾਰਚ ਨੂੰ ਸਰਕਾਰ ਦਾ ਇਕ ਸਾਲ ਪੂਰਾ ਹੋਣ ਜਾ ਰਿਹਾ ਹੈ। ਇਸ ਮੌਕੇ ਹਲਕਾ ਨਿਵਾਸੀਆਂ ਨੂੰ ਇਕ ਸਾਲ ਦੇ ਵਿਕਾਸ ਕਾਰਜਾਂ ਦਾ ਬਿਓਰਾ ਵੀ ਦਿੱਤਾ ਜਾਵੇਗਾ।

ਪੰਜਾਬ ਜਮਹੂਰੀ ਮੋਰਚਾ ਵੱਲੋਂ 'ਸੰਘੀ ਢਾਂਚਾ ਅਤੇ ਪੰਜਾਬ ਦੀ ਹੋਣੀ' 'ਤੇ ਕਨਵੈਨਸ਼ਨ

ਪਟਿਆਲਾ : ਅੱਜ ਪੰਜਾਬ ਜਮਹੂਰੀ ਮੋਰਚਾ ਵੱਲੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸਹਿਯੋਗ ਨਾਲ ਪ੍ਰਭਾਤ ਪ੍ਰਵਾਨਾ ਹਾਲ ਸਾਹਮਣੇ ਸਰਕਟ ਹਾਊਸ ਪਟਿਆਲਾ ਵਿਖੇ ਇੱਕ ਵਿਸ਼ਾਲ ਕਨਵੈਨਸ਼ਨ ਕੀਤੀ ਗਈ, ਜਿਸ ਦਾ ਵਿਸ਼ਾ ਸੀ 'ਸੰਘੀ ਢਾਂਚਾ ਅਤੇ ਪੰਜਾਬ ਦੀ ਹੋਣੀ'। ਪੰਜਾਬ ਜਮਹੂਰੀ ਮੋਰਚਾ ਨੇ 1 ਅਕਤੂਬਰ 2022 ਤੋਂ ਆਪਣੇ ਸਥਾਪਨਾ ਦਿਵਸ ਤੋਂ ਹੀ ਇਹ ਅਹਿਦ ਕੀਤਾ ਸੀ ਕਿ ਪੰਜਾਬ ਦੇ ਵੱਖ ਵੱਖ ਜਮਹੂਰੀ, ਰਾਜਨੀਤਕ, ਆਰਥਿਕ ਅਤੇ ਸਮਾਜਿਕ ਮਸਲਿਆਂ ਨੂੰ ਸੰਬੋਧਤ ਹੋਇਆ ਜਾਵੇਗਾ।

ਅੱਜ ਦੀ ਇਸ ਕਨਵੈਨਸ਼ਨ ਵਿੱਚ ਮੁੱਖ ਬੁਲਾਰਿਆਂ ਬੂਟਾ ਸਿੰਘ ਨਵਾਂਸ਼ਹਿਰ ਅਤੇ ਡਾ. ਦਰਸ਼ਨ ਪਾਲ ਨੇ ਦੱਸਿਆ ਕਿ ਕੇਂਦਰੀ ਹਾਕਮ ਜਮਾਤਾਂ ਸ਼ੁਰੂ ਤੋਂ ਹੀ ਅਤੇ ਵਿਸ਼ੇਸ਼ ਕਰਕੇ 2014 ਤੋਂ ਮੋਦੀ ਸਰਕਾਰ ਸੂਬਿਆਂ ਦੇ ਸੰਵਿਧਾਨ ਵਿਚਲੇ ਵਿਧਾਨਕ ਹੱਕਾਂ ਨੂੰ ਲਗਾਤਾਰ ਖੋਹ ਕੇ, ਹਿੰਦੁਸਤਾਨ ਨੂੰ ਇੱਕ ਕੇਂਦਰੀਕ੍ਰਿਤ ਰਾਜ ਬਣਾਉਣਾ ਚਾਹੁੰਦੀ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਬੋਲਦੇ ਇਲਾਕੇ (ਹਰਿਆਣਾ ਦੇ ਬਾਰਡਰ ਨਾਲ ਲਗਦੇ) ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਹਿੱਸੇਦਾਰੀ ਆਦਿ ਮਸਲੇ ਪੰਜਾਬ ਦੇ ਵਿਰੋਧ ਵਿੱਚ ਜਾ ਰਹੇ ਹਨ। ਵੱਖ ਵੱਖ ਵਿਭਾਗਾਂ ਵਿੱਚ ਕੇਂਦਰੀ ਰਾਜ ਦੇ ਜ਼ਰੀਏ, ਪ੍ਰੋਜੈਕਟਾਂ ਦੇ ਤਹਿਤ ਇਨ੍ਹਾਂ ਵਿਭਾਗਾਂ ਨੂੰ ਬੇਅਸਰ ਕਰਕੇ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਲੰਮੇ ਸਮੇਂ ਤੋਂ ਭਾਰਤੀ ਸੰਵਿਧਾਨ ਰਾਹੀਂ ਸੂਬਿਆਂ ਨੂੰ ਮਿਲੇ ਹੋਏ ਅਧਿਕਾਰਾਂ ਨੂੰ ਕਿਸੇ ਨਾ ਕਿਸੇ ਬਹਾਨੇ ਵਿਧਾਨਕ ਸਮਵਰਤੀ ਸੂਚੀ ਵਿੱਚ ਤਬਦੀਲ ਕਰਕੇ ਰਾਜਾਂ ਨੂੰ ਮਹਿਜ਼ ਕੇਂਦਰ ਦੇ ਰਹਿਮੋ ਕਰਮ ਵੱਲ ਧੱਕਿਆ ਜਾ ਰਿਹਾ ਹੈ।

ਪੰਜਾਬ ਜਮਹੂਰੀ ਮੋਰਚਾ ਪੰਜਾਬ ਨਾਲ ਸੰਬੰਧਤ ਅਜਿਹੇ ਮਹੱਤਵਪੂਰਨ ਮਸਲਿਆਂ ਨੂੰ ਆਪਣੇ ਹੱਥ ਲਵੇਗਾ ਜੋ ਵੱਖ ਵੱਖ ਵਿਭਾਗੀ ਜਥੇਬੰਦੀਆਂ ਦੇ ਅਧਿਕਾਰ ਖੇਤਰ ਤੋਂ ਜਾਣੇ ਅਣਜਾਣੇ ਬਾਹਰ ਰਹਿ ਜਾਂਦੇ ਹਨ।

ਉਪਰੋਕਤ ਬੁਲਾਰਿਆਂ ਤੋਂ ਇਲਾਵਾ ਅੱਜ ਦੀ ਇਸ ਕਨਵੈਨਸ਼ਨ ਵਿੱਚ ਜਗਰਾਜ ਸਿੰਘ ਟੱਲੇਵਾਲ, ਹਰਜਿੰਦਰ ਸਿੰਘ ਪਟਿਆਲਾ, ਹਰਭਜਨ ਸਿੰਘ ਬੁੱਟਰ ਆਦਿ ਬੁਲਾਰਿਆਂ ਨੇ ਇਸ ਮਸਲੇ 'ਤੇ ਚਾਨਣਾ ਪਾਇਆ। ਇਸ ਤੋਂ ਇਲਾਵਾ ਡਾ. ਪਿਆਰੇ ਲਾਲ ਗਰਗ, ਹਰਬੰਸ ਸੋਨੂੰ, ਪ੍ਰੋ: ਬਾਵਾ ਸਿੰਘ, ਪ੍ਰਿੰਸੀਪਲ ਤੋਤਾ ਸਿੰਘ, ਲਸ਼ਕਰ ਸਿੰਘ, ਐਡਵੋਕੇਟ ਰਾਜੀਵ ਲੋਹਟਬੱਧੀ, ਗੁਰਮੀਤ ਸਿੰਘ ਦਿੱਤੂਪੁਰ ਜਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਚਰਨਜੀਤ ਕੌਰ ਧੂੜੀਆਂ, ਕੁਲਜੀਤ ਕੌਰ ਆਦਿ ਨੇ ਕੇਂਦਰ ਦੀ ਇਸ ਰਾਜਾਂ ਵਿਰੋਧੀ ਨੀਤੀ ਖਿਲਾਫ ਆਪਣੇ ਵਿਚਾਰ ਰੱਖੇ।

ਮੁੱਖ ਮੰਤਰੀ ਨੇ ਕਮਿਊਨਿਟੀ ਹੈੱਲਥ ਸੈਂਟਰ ਕੁਰਾਲੀ ਦਾ ਕੀਤਾ ਅਚਨਚੇਤ ਦੌਰਾ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕੁਰਾਲੀ ਸ਼ਹਿਰ ਵਿੱਚ ਸਥਿਤ ਕਮਿਊਨਿਟੀ ਹੈਲਥ ਸੈਂਟਰ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਉਨ੍ਹਾਂ ਹਸਪਤਾਲ ਵਿਖੇ ਪਹੁੰਚ ਕੇ ਦਾਖਲ ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ। ਹਸਪਤਾਲ ਵਿੱਚ ਮੌਜੂਦ ਡਾਕਟਰਾਂ ਦੀ ਟੀਮ ਦੀ ਵਧੀਆ ਕਾਰਗੁਜ਼ਾਰੀ ਨੂੰ ਦੇਖਦਿਆਂ ਮੁੱਖ ਮੰਤਰੀ ਵੱਲੋਂ ਸਾਬਾਸ਼ ਵੀ ਦਿੱਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਹਸਪਤਾਲ ਵਿਚ ਆ ਰਹੀਆਂ ਹਨ ਕਮੀਆਂ, ਜਿਵੇਂ ਸਟਾਫ, ਡਾਕਟਰਾਂ ਜਾਂ ਦਵਾਈਆਂ ਵਗੈਰਾ ਨੂੰ ਜਲਦ ਦੂਰ ਕਰਨ ਦੀ ਵੀ ਗਲ ਕਹੀ ਹੈ। ਉਨ੍ਹਾ ਪੱਤਰਕਾਰਾਂ ਨਾਲ ਗੱਲਬਾਤ ਸਾਂਝੀ ਕਰਦਿਆਂ ਕਿਹਾ ਕਿ ਚੰਡੀਗੜ੍ਹ ਪੀ ਜੀ ਆਈ ਵਿੱਚ ਪੰਜ ਸਟੇਟਾਂ ਦੇ ਮਰੀਜ਼ ਇਲਾਜ ਲਈ ਆਉਂਦੇ ਹਨ, ਮਰੀਜ਼ਾਂ ਦੀ ਇੰਨੀ ਤਾਦਾਦ ਨੂੰ ਵੇਖ ਕੇ ਡਾਕਟਰ ਵੀ ਹੈਰਾਨ ਹਨ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਡੀ ਸਟੇਟ ਦੇ ਮਰੀਜ਼ਾਂ ਦਾ ਇਲਾਜ ਸਰਕਾਰ ਵੱਲੋਂ ਬਣਾਏ ਗਏ ਹਸਪਤਾਲ ਵਿੱਚ ਹੀ ਹੋਵੇ। ਇਸ ਲਈ ਸਾਡੀ ਸਰਕਾਰ ਵੱਧ ਤੋਂ ਵੱਧ ਹਸਪਤਾਲਾਂ ਨੂੰ ਅਪਗ੍ਰੇਡ ਕਰ ਰਹੀ ਹੈ ਅਤੇ ਪਿੰਡਾਂ, ਕਸਬਿਆਂ ਸ਼ਹਿਰਾਂ ਵਿਚ ਆਮ ਆਦਮੀ ਪਾਰਟੀ ਕਲੀਨਿਕ ਵੀ ਖੋਲ੍ਹ ਰਹੀ ਹੈ। ਉਹਨਾ ਕਮਿਊਨਿਟੀ ਹੈਲਥ ਸੈਂਟਰ ਨੂੰ ਜਲਦ ਹੀ ਅੱਪਗ੍ਰੇਡ ਕਰਨ ਦਾ ਵਾਅਦਾ ਵੀ ਕੁਰਾਲੀ ਵਾਸੀਆਂ ਨਾਲ ਕੀਤਾ। ਇਸ ਸਮੇਂ ਉਨ੍ਹਾਂ ਨਾਲ ਹਲਕਾ ਵਿਧਾਇਕਾ ਅਤੇ ਕੈਬਿਨਟ ਮੰਤਰੀ ਬੀਬਾ ਅਨਮੋਲ ਗਗਨ ਮਾਨ , ਚੈਅਰਮੈਨ ਪਰਮਿੰਦਰ ਸਿੰਘ ਗੋਲਡੀ, ਹਰੀਸ਼ ਰਾਣਾ ਤੋਂ ਇਲਾਵਾ ਮੈਡੀਕਲ ਸਟਾਫ ਡਾ. ਰੁਪਿੰਦਰ ਈ ਐਮ ਓ, ਡਾ.ਰਜਿੰਦਰ ਭੂਸਨ ਐੱਸ ਐੱਮ ਓ, ਜਸਵੀਰ ਕੌਰ ਸਟਾਫ ਨਰਸ, ਡਾ.ਦਵਿੰਦਰ (ਸਪੈਸਲਿਸਟ ਹੱਡੀਆਂ), ਪਰਮਿੰਦਰ (ਸਵੀਪਰ) ਵੀ ਮੌਕੇ ਤੇ ਮੌਜੂਦ ਸਨ।

ਬਾਬਾ ਲਾਲ ਸਿੰਘ ਕੁੱਲੀ ਵਾਲਿਆਂ ਦੀ 21ਵੀਂ ਬਰਸੀ ਤੇ ਮਾਘੀ ਦਾ ਦਿਹਾੜਾ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਇਥੋਂ ਨੇੜੇ ਪਿੰਡ ਛੋਟੇਪੁਰ ਵਿੱਚ ਸਥਿਤ ਗੁਰਦੁਆਰਾ ਅੰਗੀਠਾ ਸਾਹਿਬ ਬਾਬਾ ਲਾਲ ਸਿੰਘ ਕੁੱਲੀ ਵਾਲਿਆਂ ਵਿਖੇ ਸੁੱਚਾ ਸਿੰਘ ਛੋਟੇਪੁਰ ਸਾਬਕਾ ਕੈਬਿਨਟ ਮੰਤਰੀ ਪੰਜਾਬ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਘੀ ਦੇ ਤਿਉਹਾਰ ਮੌਕੇ ਬਾਬਾ ਲਾਲ ਸਿੰਘ ਕੁੱਲੀ ਵਾਲਿਆਂ ਦੀ 21ਵੀਂ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਸਬੰਧ ਵਿੱਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨੀ ਜਥਾ ਭਾਈ ਗੁਰਵਿੰਦਰ ਸਿੰਘ ਜੌੜਾ ਸਿੰਘਾ ਵਾਲਿਆਂ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਬਰਸੀ ਸਮਾਗਮ ਵਿੱਚ ਪੁੱਜੀਆਂ ਵੱਡੀ ਗਿਣਤੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਸੰਤ ਬਾਬਾ ਲਾਲ ਸਿੰਘ ਪੂਰਨ ਬ੍ਰਹਮ ਗਿਆਨੀ ਸਨ। ਉਨ੍ਹਾਂ ਦੇ ਕੀਤੇ ਬਚਨ ਕਦੇ ਵੀ ਬਿਰਥਾ ਨਹੀਂ ਜਾਂਦੇ ਸਨ।

ਛੋਟੇਪੁਰ ਨੇ ਕਿਹਾ ਮਨੁੱਖਾ ਜੀਵਨ ਨਾਸ਼ਵਾਨ ਹੈ ਅਤੇ ਮਨੁੱਖ ਨੂੰ ਆਪਣਾ ਜੀਵਨ ਸਫਲਾ ਕਰਨ ਲਈ ਪ੍ਰਮਾਤਮਾ ਦੇ ਲੜ ਲੱਗਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰੇਕ ਮਨੁੱਖ ਨੂੰ ਆਪਣੇ ਜੀਵਨ ਵਿਚ ਸਾਧੂਆਂ, ਮਹਾਤਮਾ, ਮਹਾਂਪੁਰਸ਼ਾਂ ਦੀ ਸੰਗਤ ਤੇ ਸਤਿਕਾਰ ਕਰਨਾ ਚਾਹੀਦਾ ਹੈ। ਇਸ ਮਾਘੀ ਦੇ ਤਿਉਹਾਰ ਮੌਕੇ ਸੁੱਚਾ ਸਿੰਘ ਛੋਟੇਪੁਰ ਵੱਲੋਂ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲਿਆਂ ਤੋਂ ਇਲਾਵਾ ਹੋਰ ਸਾਧੂ ਸੰਤਾਂ ਅਤੇ ਲੋੜਵੰਦਾਂ ਨੂੰ ਗਰਮ ਕੰਬਲ ਵੀ ਭੇਟ ਕੀਤੇ ਅਤੇ ਸੰਗਤ ਲਈ ਲੰਗਰ ਲਗਾਏ ਗਏ। ਇਸ ਮੌਕੇ ਰਮਨਦੀਪ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਬਾਬਾ ਹਰਜੀਤ ਸਿੰਘ ਮੱਲ੍ਹੀਆਂ ਫਕੀਰਾਂ, ਸੁਭਾਸ਼ ਓਹਰੀ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ, ਬਲਦੇਵ ਸਿੰਘ ਬਾਜਵਾ ਐਕਸੀਅਨ, ਪਲਵਿੰਦਰ ਸਿੰਘ ਲੰਬੜਦਾਰ ਜ਼ਿਲ੍ਹਾ ਪ੍ਰਧਾਨ ਐੱਸਸੀ ਵਿੰਗ, ਕੁਲਵੰਤ ਸਿੰਘ ਸਾਬਕਾ ਕੌਂਸਲਰ, ਗੁਰਿੰਦਰ ਸਿੰਘ ਬਾਜਵਾ, ਬਲਵਿੰਦਰ ਸਿੰਘ ਭੰਡਾਲ, ਸੇਵਾ ਸਿੰਘ, ਅਮਿਤ ਸੋਢੀ ਸ਼ਹਿਰੀ ਪ੍ਰਧਾਨ ਹਲਕਾ ਬਟਾਲਾ, ਭੁਪਿੰਦਰ ਸਿੰਘ ਬਾਜਵਾ, ਮਾਸਟਰ ਪਰਵੀਨ ਸਿੰਘ, ਆਸੂ ਮਹਾਜਨ, ਨਵਜੀਤ ਸਿੰਘ, ਸ਼ਿਵਤਾਜ ਭੁੱਲਰ, ਬਾਵਾ ਸਿੰਘ, ਸੁਖਦੇਵ ਸਿੰਘ ਭੋਲਾ, ਵਜਿੰਦਰ ਵਿੱਕੀ ਸਾਬਕਾ ਕੌਂਸਲਰ, ਚੇਅਰਮੈਨ ਅਮਰੀਕ ਸਿੰਘ ਕਲਾਨੌਰ, ਭੁਪਿੰਦਰ ਸਿੰਘ ਧਰਮੀ ਫੌਜੀ, ਲੱਖਾ ਸਿੰਘ ਮੀਰਕਚਾਣਾ, ਗੁਰਮੁਖ ਸਿੰਘ ਭੋਜਰਾਜ, ਰਣਜੀਤ ਸਿੰਘ ਮੌੜ, ਜਸਵੰਤ ਸਿੰਘ ਸਭਰਵਾਲ, ਕੁਲਵਿੰਦਰ ਸਿੰਘ ਸਾਬਕਾ ਸਰਪੰਚ, ਕੈਪਟਨ ਤਰਲੋਕ ਸਿੰਘ ਕੋਟ ਸੰਤੋਖ ਰਾਏ, ਬਰਿੰਦਰ ਸਿੰਘ ਛੋਟੇਪੁਰ, ਵੀਰ ਸਿੰਘ ਕੋਟ ਮੀਆਂ ਸਾਹਿਬ, ਪ੍ਰੀਤਮ ਸਿੰਘ, ਹਰਪ੍ਰੀਤ ਸਿੰਘ ਸਹੂਰ, ਗੁਰਮੁਖ ਸਿੰਘ ਸਰਾਵਾਂ, ਬੂਟਾ ਸਿੰਘ ਵਡਾਲਾ ਬਾਂਗਰ, ਹਰਿੰਦਰਪਾਲ ਸਿੰਘ ਗੋਰਾ ਵਡਾਲਾ ਬਾਂਗਰ, ਸੂਬੇਦਾਰ ਕੁਲਵੰਤ ਸਿੰਘ ਗੁਰਦਾਸਪੁਰ, ਮਨਦੀਪ ਸੈਣੀ, ਡਾਕਟਰ ਬਲਦੇਵ ਸਿੰਘ ਕੋਟਲੀ ਸੂਰਤਮੱਲ੍ਹੀ, ਰਘਬੀਰ ਸਿੰਘ ਜੌੜਾ, ਕੁਲਵਿੰਦਰ ਸਿੰਘ ਨਾਨੋਹਾਰਨੀ, ਸਵਿੰਦਰ ਸਿੰਘ ਘੁੰਮਣ, ਪ੍ਰਿੰਸੀਪਲ ਧਿਆਨ ਸਿੰਘ ਗੁਰੂ ਨਾਨਕ ਕਾਲਜ ਬਟਾਲਾ, ਸਤਿੰਦਰ ਸਿੰਘ ਰਿਆੜ, ਦਿਲਬਾਗ ਸਿੰਘ ਮੁਸਤਫਾਪੁਰ, ਜੋਗਿੰਦਰ ਸਿੰਘ ਸਾਬਕਾ ਸਰਪੰਚ ਜਸਬੀਰ ਸਿੰਘ ਜਫਰਵਾਲ, ਰਜਿੰਦਰ ਸਿੰਘ ਜਫਰਵਾਲ, ਹੰਸਪਾਲ, ਮੁਖਵਿੰਦਰ ਸਿੰਘ ਲੋਹਲ ਸਾਬਕਾ ਚੇਅਰਮੈਨ, ਦਵਿੰਦਰ ਸਿੰਘ ਲੱਡਾ ਬਾਗੋਂਵਾਣੀ, ਮਹਿੰਦਰ ਸਿੰਘ ਮੁਸਤਫਾਪੁਰ, ਅਮਨਦੀਪ ਸਿੰਘ ਗਿੱਲ, ਰਮਨ ਕੁਮਾਰ, ਐਡਵੋਕੇਟ ਅਜੇਪਾਲ ਸੰਧੂ ਐਡਵੋਕੇਟ, ਨਿਰਮਲ ਸਿੰਘ ਨਾਗੀ ਗੁਰਦਾਸਪੁਰ ਆਦਿ ਸਮੇਤ ਸ਼ਖਸੀਅਤਾਂ ਸਮੇਤ ਸੰਗਤਾਂ ਹਾਜ਼ਰ ਸਨ।

ਚਾਈਨਾ ਡੋਰ ਦੀ ਵਰਤੋਂ ਨਾ ਕਰਨ ਲਈ ਕੀਤਾ ਪ੍ਰੇਰਿਤ

ਅੰਮ੍ਰਿਤਸਰ (ਅਰੋੜਾ)-ਰੋਟਰੀ ਕਲੱਬ ਆਸਥਾ ਵੱਲੋਂ ਪੂਰੇ ਭਾਰਤ ਖਾਸ ਤੌਰ 'ਤੇ ਪੰਜਾਬ ਵਿੱਚ ਮਨਾਏ ਜਾਣ ਵਾਲੇ ਲੋਹੜੀ ਦੇ ਇਤਿਹਾਸਕ ਤਿਉਹਾਰ ਦੇ ਮੌਕੇ 'ਤੇ ਇੱਕ ਖਾਸ ਸਮਾਗਮ ਦਾ ਆਯੋਜਨ ਕਲੱਬ ਦੇ ਪ੍ਰਧਾਨ ਅਸ਼ਵਨੀ ਅਵਸਥੀ, ਸਕੱਤਰ ਅਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ।

ਸਮਾਗਮ ਵਿੱਚ ਰੋਟਰੀ 3070 ਦੇ ਆਉਣ ਵਾਲੇ ਗਵਰਨਰ ਐਡਵੋਕੇਟ ਵਿਪਨ ਭਸੀਨ ਅਤੇ ਸਾਬਕਾ ਗਰਵਨਰ ਉਪਕਾਰ ਸਿੰਘ ਸੇਠੀ ਮੁੱਖ ਮਹਿਮਾਨ ਅਤੇ ਸਹਾਇਕ ਗਵਰਨਰ ਰੋਹਿਤ ਅਰੋੜਾ ਅਤੇ ਰੋਟਰੀ 3070 ਦੇ ਸਾਲ 2024.2025 ਦੇ ਆਉਣ ਵਾਲੇ ਗਵਰਨਰ ਰੋਹਿਤ ਓਬਰਾਏ ਕਪੂਰਥਲਾ ਖਾਸ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਵਿੱਚ ਰੋਟਰੀ ਕਲੱਬ ਆਸਥਾ ਦੇ ਸਮੂਹ ਮੈਂਬਰ ਪਰਿਵਾਰਾਂ ਸਮੇਤ ਸ਼ਾਮਿਲ ਹੋਏ। ਕਲੱਬ ਵੱਲ ਸਾਰਿਆਂ ਦੇ ਮੰਨੋਰਜਨ ਲਈ ਖਾਸ ਪਰਿਵਾਰ ਮਿਲਨ ਸਮਾਗਮ ਦਾ ਆਯੋਜਨ ਕੀਤਾ

15-JAN-PAGE- 7.qxd 1/14/2023 10:55 PM Page 1

ਲਤੀਫਪੁਰਾ ਮੁੜ-ਵਸੇਬਾ ਮੋਰਚਾ ਨੇ ਰਮਨ ਅਰੋੜਾ ਦੇ ਘਰ ਅੱਗੇ ਲੋਹੜੀ ਬਾਲ ਕੇ ਕੀਤਾ ਪ੍ਰਦਰਸ਼ਨ

ਜਲੰਧਰ (ਰਾਜੇਸ਼ ਥਾਪਾ) : ਲਤੀਫਪੁਰਾ ਮੁੜ ਵਸੇਬਾ ਮੋਰਚਾ ਦੀ ਅਗਵਾਈ ਹੇਠ ਲਤੀਫਪੁਰਾ ਮੁੜ ਵਸੇਬਾ ਕਰਨ, ਲੋਕਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਅਤੇ ਗਾਲੀ ਗਲੋਚ ਕਰਨ ਵਾਲੇ ਡੀ ਸੀ ਪੀ ਤੇਜਾ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਆਪ ਵਿਧਾਇਕ ਰਮਨ ਅਰੋੜਾ ਦੇ ਘਰ ਅੱਗੇ ਲੋਹੜਾ ਮਨਾਉਂਦੇ ਹੋਏ ਮੁੱਖ ਮੰਤਰੀ ਦੀ ਲੋਹੜੀ ਬਾਲੀ ਗਈ ਤੇ ਮੁੱਖ ਮੰਤਰੀ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਉਜਾੜੇ ਲੋਕਾਂ ਨੇ ਭੰਗੜਾ ਪਾਉਂਦੇ,ਗਿੱਧਾ ਪਾਉਂਦੇ ਮੰਤਰੀਆਂ ਦੀਆਂ ਤਸਵੀਰਾਂ ਵਾਲੀਆਂ ਤਖਤੀਆਂ ਵੀ ਸਾੜੀਆਂ। ਧਰਨਾ ਪ੍ਰਦਰਸ਼ਨ ਦੋ ਘੰਟੇ ਤੋਂ ਵੱਧ ਸਮਾਂ ਧਰਨਾ ਪ੍ਰਦਰਸ਼ਨ ਚੱਲਿਆ। ਪੁਲਸ ਵੱਲੋਂ ਐੱਮ.ਐੱਲ.ਏ. ਦੇ ਘਰ ਅੱਗੇ ਲੱਗੇ ਗੇਟ ਨੂੰ ਫੋਰਸ ਨੇ ਤਾਲਾ ਲਗਾ ਰੱਖਿਆ ਗਿਆ। ਇਸ ਤੋਂ ਪਹਿਲਾਂ ਇਹ ਧਰਨਾਕਾਰੀ ਲਤੀਫਪੁਰਾ ਮੋਰਚੇ ਤੋਂ ਮੁਜ਼ਾਹਰਾ ਸ਼ੁਰੂ ਕਰਕੇ ਸ੍ਰੀ ਗੁਰੂ ਰਵਿਦਾਸ ਚੌਕ, ਅੰਬੇਡਕਰ ਚੌਕ ਤੋਂ ਹੁੰਦਾ ਹੋਇਆ, ਫੁੱਟਬਾਲ ਚੌਕ ਤੋਂ ਹੁੰਦਾ ਹੋਇਆ ਐੱਮ ਐੱਲ ਏ ਦੇ ਘਰ ਅੱਗੇ ਧਰਨਾ ਸਥਾਨ 'ਤੇ ਪੁੱਜੇ, ਜਿੱਥੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੰਗਾਂ ਦੇ ਠੋਸ ਨਿਪਟਾਰੇ ਤੱਕ ਸੰਘਰਸ਼ ਜਾਰੀ ਰਹੇਗਾ ਅਤੇ 16 ਜਨਵਰੀ ਨੂੰ ਜਲੰਧਰ ਸਥਿਤ ਧੰਨੋਵਾਲੀ ਨੇੜੇ 4 ਘੰਟੇ ਲਈ ਹਾਈਵੇ ਤੇ ਰੇਲਵੇ ਜਾਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਦਲਾਅ ਦਾ ਨਾਹਰਾ ਦੇ ਕੇ ਵੋਟਾਂ ਬਟੋਰਨ ਵਾਲੀ ਭਗਵੰਤ ਸਿੰਘ ਮਾਨ ਸਰਕਾਰ ਪਹਿਲੀਆਂ ਸਰਕਾਰਾਂ ਦੇ ਨਕਸ਼ੇ ਕਦਮਾਂ ਉੱਪਰ ਚੱਲਦੇ ਹੋਏ ਲਤੀਫਪੁਰਾ ਇਲਾਕੇ ਦੇ ਲੋਕਾਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾ ਕੇ ਉਜਾੜਾ ਕਰਦਿਆਂ ਲੋਹੜੇ ਦਾ ਕਹਿਰ ਕਮਾਇਆ ਹੈ। ਉਨ੍ਹਾਂ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਕਿ ਉਜਾੜੇ ਲੋਕ ਸੜਕਾਂ ਉੱਪਰ ਰੁਲ ਰਹੇ ਹਨ ਅਤੇ ਸੂਬਾ ਸਰਕਾਰ ਦੇ ਮੰਤਰੀ ਭੰਗੜਾ ਤੇ ਗਿੱਧਾ ਪਾ ਰਹੇ ਹਨ। ਇਸ ਮੌਕੇ ਮੋਰਚੇ ਦੇ ਆਗੂ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ,ਜਸਕਰਨ ਸਿੰਘ ਕਾਹਨ ਸਿੰਘ ਵਾਲਾ,ਸੰਤੋਖ ਸਿੰਘ ਸੰਧੂ,ਤਰਸੇਮ ਸਿੰਘ ਵਿੱਕੀ ਜੈਨਪੁਰ, ਕਸ਼ਮੀਰ ਸਿੰਘ ਘੁੱਗਸ਼ੋਰ,ਡਾਕਟਰ ਗੁਰਦੀਪ ਸਿੰਘ ਭੰਡਾਲ, ਹੰਸ ਰਾਜ ਪੱਬਵਾਂ,ਹਰਜਿੰਦਰ ਕੌਰ, ਬਲਜਿੰਦਰ ਕੌਰ,ਪਰਮਿੰਦਰ ਸਿੰਘ ਬਾਜਵਾ, ਸੁਖਜੀਤ ਸਿੰਘ ਡਰੋਲੀ, ਪਰਮਜੀਤ ਸਿੰਘ ਜੱਬੋਵਾਲ,ਹਰਨੇਕ ਸਿੰਘ ਜੈਨਪੁਰ,ਮੋਹਨ ਸਿੰਘ ਫੌਜੀ,ਅਵਤਾਰ ਸਿੰਘ, ਲਖਵੀਰ ਸਿੰਘ ਸੌਂਟੀ,ਪਿੰਦੂ ਵਾਸੀ,ਬੋਹੜ ਸਿੰਘ ਹਜਾਰਾ, ਤਰਸੇਮ ਸਿੰਘ ਜਲੰਧਰ,ਮੰਗਲਜੀਤ ਸਿੰਘ ਪੰਡੋਰੀ ਅਤੇ ਜਸਵੀਰ ਕੌਰ ਜੱਸੀ ਆਦਿ ਨੇ ਸੰਬੋਧਨ ਕੀਤਾ।

ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਨੇ ਦੂਜਾ ਖ਼ੂਨਦਾਨ ਕੈਂਪ ਲਗਾਇਆ

ਮੋਰਿੰਡਾ (ਜੈਜੀ ਸਰਦਾਰ) ਮਾਘ ਸੰਗਰਾਂਦ ਦੇ ਪਵਿੱਤਰ ਦਿਹਾੜੇ ਤੇ 40 ਮੁਕਤਿਆਂ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਵੱਲੋਂ ਦੂਜਾ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ ਭਾਰੀ ਉਤਸ਼ਾਹ ਨਾਲ ਨੌਜਵਾਨਾਂ ਅਤੇ ਹੋਰ ਲੋਕਾਂ ਵੱਲੋਂ ਖ਼ੂਨਦਾਨ ਕੀਤਾ ਗਿਆ। ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਚੱਲਿਆ ਜਿਸ ਵਿੱਚ ਪੀ.ਜੀ.ਆਈ ਚੰਡੀਗੜ੍ਹ ਦੀ ਡਾਕਟਰਾਂ ਦੀ ਟੀਮ ਵੱਲੋਂ ਖ਼ੂਨ ਇਕੱਤਰ ਕੀਤਾ ਗਿਆ। ਫੈਡਰੇਸ਼ਨ ਵੱਲੋਂ ਖ਼ੂਨਦਾਨੀਆਂ ਨੂੰ ਬੈਗ ਕਿੱਟ ਅਤੇ ਸਰਟੀਫਿਕੇਟ ਭੇਂਟ ਕਰਦਿਆਂ ਸਨਮਾਨਿਤ ਵੀ ਕੀਤਾ ਗਿਆ।

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਦਸਮੇਸ਼ ਨਗਰ ਵਿਖੇ ਪ੍ਰਭਾਤ ਫੇਰੀਆਂ ਸ਼ੁਰੂ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ) : ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਉਤਸਵ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦਸਮੇਸ਼ ਨਗਰ ਵਿਖੇ ਅੱਜ ਪ੍ਰਭਾਤ ਫੇਰੀਆਂ ਦੀ ਅਰੰਭਤਾ ਕੀਤੀ ਗਈ। ਅਮ੍ਰਿਤ ਵੇਲੇ ਅਰੰਭ ਹੋਈਆਂ ਪ੍ਰਭਾਤ ਫੇਰੀਆਂ ਸਮੇਂ ਸਮੂਹ ਸੰਗਤ ਵੱਲੋਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਕੁਮਾਰ ਰਿੰਕਾ ਨੇ ਦੱਸਿਆ ਕਿ ਦੇਸ਼-ਵਿਦੇਸ਼ ਤੋਂ ਸੰਗਤਾਂ ਅਤੇ ਸਮੂਹ ਦਸਮੇਸ਼ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਪ੍ਰਕਾਸ਼ ਦਿਹਾੜਾ 5 ਫਰਵਰੀ ਨੂੰ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਜਾਵੇਗਾ। ਅੱਜ ਤੋਂ ਅਰੰਭ ਹੋਈਆਂ ਪ੍ਰਭਾਤ ਫੇਰੀਆਂ 5 ਫਰਵਰੀ ਤੱਕ ਨਿਰੰਤਰ ਜਾਰੀ ਰਹਿਣਗੀਆਂ। 03 ਫਰਵਰੀ ਨੂੰ ਪ੍ਰਕਾਸ਼ ਦਿਹਾੜੇ ਸੰਬੰਧੀ ਸ਼ਹਿਰ ਦੀਆਂ ਵੱਖ ਵੱਖ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀਆਂ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਸੁਸਾਇਟੀਆਂ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ। ਇਸ ਮੌਕੇ ਨੰਬਰਦਾਰ ਜਗਜੀਵਨ ਜੱਗੀ, ਰਵੀ ਕੁਮਾਰ, ਖਜ਼ਾਨਚੀ ,ਗਗਨਦੀਪ, ਸੈਕਟਰੀ ਬੌਬੀ ,ਰਾਹੁਲ,ਨੀਰਜ, ਲਵਲੀ,ਜਸਪਾਲ ਰਾਇ ,ਵਿਜੈ,ਤਰਸੇਮ ਲਾਲ, ਜਸਵਿੰਦਰ ਸੰਧੂ, ਹੈਪੀ, ਮਲਕੀਤ, ਗੱਗਨੀ,ਬਲਜੀਤ,ਸੁਰਜੀਤ ਸਿੰਘ, ਮਨਦੀਪ ਕੁਮਾਰ, ਤਰਸੇਮ ਸਿੰਘ, ਵਿਜੇ, ਜਗਜੀਵਨ ਜੱਗੀ ,ਹਰਮਨ, ਮਨਦੀਪ ਕੁਮਾਰ ਰਿੰਕੂ, ਮਾਸਟਰ ਜਸਵੀਰ ਸਿੰਘ, ਜਗਮੋਹਨ ਸਿੰਘ ਕਰਮਨ,ਅਮਰੀਕ ਅਤੇ ਹੋਰ ਸੇਵਾਦਾਰ ਵੀ ਹਾਜ਼ਰ ਸਨ।

ਮਾਘ ਦੀ ਸੰਗਰਾਂਦ ਮੌਕੇ ਲੰਗਰ ਲਗਾਇਆ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)- ਮਾਘੀ ਦੀ ਸੰਗਰਾਂਦ ਮੌਕੇ ਅਤੇ 40 ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਤਲਵੰਡੀ ਚੌਧਰੀਆਂ ਚੌਕ ਸੁਲਤਾਨਪੁਰ ਲੋਧੀ ਵਿਖੇ ਪ੍ਰਦੀਪ ਟੀ ਸਟਾਲ ਅਤੇ ਆਸ ਪਾਸ ਦੇ ਦੁਕਾਨਦਾਰਾਂ ਅਤੇ ਸਮੂਹ ਸੰਗਤ ਵੱਲੋਂ ਚਾਹ ਦਾ ਲੰਗਰ ਲਗਾਇਆ ਗਿਆ। ਸੜਕ 'ਤੇ ਆ ਰਹੇ ਰਾਹੀਆਂ ਅਤੇ ਬੱਸਾਂ, ਕਾਰਾਂ, ਮੋਟਰਸਾਈਕਲ ਆਦਿ ਸਵਾਰਾਂ ਨੇ ਕੜਾਕੇ ਦੀ ਠੰਡ ਵਿੱਚ ਪੂਰੀ ਸ਼ਰਧਾ ਅਤੇ ਪਿਆਰ ਨਾਲ ਲੰਗਰ ਦਾ ਅਨੰਦ ਮਾਣਿਆ। ਸ਼ਹਿਰ ਨਿਵਾਸੀਆਂ ਨੇ ਹਰ ਆਉਣ ਜਾਣ ਵਾਲੇ ਨੂੰ ਬੜੀ ਸ਼ਰਧਾ ਅਤੇ ਪਿਆਰ ਨਾਲ ਲੰਗਰ ਛਕਾਇਆ।

ਨਾਟਕਰਮੀ ਸੰਜੀਵਨ ਸਿੰਘ ਨੂੰ ਸਦਮਾ, ਸੱਸ ਦਾ ਦੇਹਾਂਤ

ਚੰਡੀਗੜ੍ਹ (ਗੁਰਜੀਤ ਬਿੱਲਾ)- ਨਾਟਕਰਮੀ ਸੰਜੀਵਨ ਸਿੰਘ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦ ਉਨਾਂ ਦੀ ਸੱਸ ਸ੍ਰੀਮਤੀ ਸਰਲਾ ਦੇਵੀ ਦਾ 87 ਸਾਲ ਦੀ ਉਮਰ ਭੋਗ ਕੇ ਦੇਹਾਂਤ ਹੋ ਗਿਆ। ਸ੍ਰੀਮਤੀ ਸਰਲਾ ਦੇਵੀ ਧਾਰਮਿਕ ਸੁਭਾਅ ਅਤੇ ਮਿਲਣਸਾਰ ਪ੍ਰਵਿਰਤੀ ਦੇ ਮਾਲਕ ਸਨ। ਉਹ ਆਪਣੇ ਪਿੱਛੇ ਦੋ ਪੁੱਤਰ ਜਸਪਾਲ ਸਿੰਘ (ਇੰਗਲੈਂਡ) ਤੇ ਮਨਜੀਤ ਸਿੰਘ ਅਤੇ ਛੇ ਧੀਆਂ ਅਮਰਜੀਤ ਕੌਰ, ਸ਼ਰਨਜੀਤ ਕੌਰ, ਪਰਮਜੀਤ ਕੌਰ, ਚਰਨਜੀਤ ਕੌਰ, ਨਰਿੰਦਰ ਕੌਰ (ਇੰਗਲੈਂਡ) ਅਤੇ ਗੁਰਦੀਪ ਕੌਰ (ਕੇਨੈਡਾ) ਛੱਡ ਗਏ ਹਨ। ਉਨਾਂ ਦੀ ਅੰਤਿਮ ਅਰਦਾਸ 22 ਜਨਵਰੀ 2023 ਨੂੰ ਗੁਰੂਦੁਆਰਾ ਸਾਹਿਬ, ਸੈਕਟਰ 23-ਡੀ, ਚੰਡੀਗੜ੍ਹ ਵਿਖੇ ਬਾਅਦ ਦੁਪਿਹਰ 12 ਤੋਂ 1 ਵਜੇ ਤੱਕ ਹੋਵੇਗੀ।

ਚੌਧਰੀ ਸੰਤੋਖ ਸਿੰਘ ਦੇ ਦਿਹਾਂਤ 'ਤੇ ਵੱਖ-ਵੱਖ ਆਗੂਆਂ ਵੱਲੋਂ ਦੁੱਖ ਪ੍ਰਗਟ

ਫਿਲੌਰ (ਬੀ ਐਸ ਕੈਨੇਡੀ) : ਭਾਰਤ ਜੋੜੋ ਯਾਤਰਾ ਵਿੱਚ ਸ਼ਾਮਿਲ ਜਲੰਧਰ ਤੋਂ ਕਾਂਗਰਸ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦਾ ਦਿਹਾਂਤ ਹੋ ਗਿਆ। ਇਸ ਦੁੱਖ ਦੀ ਘੜੀ 'ਚ ਵੱਖ ਵੱਖ ਆਗੂਆਂ ਸਾਬਕਾ ਮੰਤਰੀ ਪੰਜਾਬ ਗੁਰਬਿੰਦਰ ਸਿੰਘ ਅਟਵਾਲ, ਉੱਘੇ ਸਮਾਜ ਸੇਵਕ ਸੀ ਪੀ ਐਸ ਗੁਲਸ਼ਨ, ਡਾ. ਰਾਕੇਸ਼ ਸ਼ਰਮਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਫਿਲੌਰ, ਵੈਲਭ ਸ਼ਰਮਾ ਕੌਂਸਲਰ, ਸਤਪਾਲ ਸੁਮਨ, ਦਰਸ਼ਨ ਰਾਮ ਸਾਬਕਾ ਸਰਪੰਚ, ਪੰਮਾ, ਕਾਮਰੇਡ ਜੱਸੀ ਚੱਢਾ, ਨਰਿੰਦਰ ਸਰਪੰਚ ਨੇ ਚੌਧਰੀ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

ਸਰਕਾਰ ਅਵਾਰਾ ਪਸ਼ੂਆਂ ਦਾ ਜਲਦ ਢੁਕਵਾਂ ਪ੍ਰਬੰਧ ਕਰੇ : ਜਸਵੰਤ ਸਿੰਘ ਭੱਠਲ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) : ਅੱਜਕੱਲ੍ਹ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਵਾਰਾ ਪਸ਼ੂ ਵੱਡੀ ਗਿਣਤੀ ਵਿੱਚ ਘੁੰਮ ਰਹੇ ਹਨ ਜਿਸ ਨਾਲ ਅਨੇਕਾਂ ਦਰਦਨਾਕ ਹਾਦਸੇ ਹੋਣ ਨਾਲ ਕੀਮਤੀ ਜਾਨਾਂ ਵੀ ਜਾ ਰਹੀਆਂ ਹਨ। ਅਵਾਰਾ ਪਸ਼ੂਆਂ ਵੱਲੋਂ ਜਿਥੇ ਕਿਸਾਨਾਂ ਦੀਆ ਫਸਲਾ ਦਾ ਵੀ ਉਜਾੜਾ ਵੱਡੇ ਪੱਧਰ 'ਤੇ ਹੋ ਰਿਹਾ ਹੈ ਤੇ ਠੰਢ ਦੇ ਮੌਸਮ ਵਿੱਚ ਕਿਸਾਨਾ ਨੂੰ ਆਪਣੇ ਖੇਤਾਂ ਦੀ ਦਿਨ ਰਾਤ ਰਾਖੀ ਕਰਨੀ ਪੈ ਰਹੀ ਪਰ ਸਰਕਾਰ ਹੁਣ ਤੱਕ ਇਨ੍ਹਾਂ ਅਵਾਰਾ ਪਸ਼ੂਆਂ ਦਾ ਕੋਈ ਪੁਖਤਾ ਪ੍ਰਬੰਧ ਕਰਨ ਲਈ ਅਸਫਲ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹਲਕਾ ਗੜ੍ਹਸ਼ੰਕਰ ਤੋਂ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਜਸਵੰਤ ਸਿੰਘ ਭੱਠਲ, ਸਕੱਤਰ ਪਰਮਜੀਤ ਸਿੰਘ ਬੱਬਰ, ਸਤਨਾਮ ਸਿੰਘ ਬੋੜਾ ਨੇ ਸਾਝੇ ਤੌਰ 'ਤੇ ਕਿਹਾ ਕਿ ਸਰਕਾਰ ਜਲਦ ਹੀ ਅਵਾਰਾਂ ਪਸ਼ੂਆ ਦਾ ਕੋਈ ਨਾ ਕੋਈ ਢੁਕਵਾਂ ਪ੍ਰਬੰਧ ਕਰੇ ਤਾਂ ਜੋ ਫਸਲਾਂ ਦੇ ਉਜਾੜੇ ਦੇ ਨਾਲ ਨਾਲ ਹੋ ਰਹੇ ਦਰਦਨਾਕ ਹਾਦਸਿਆਂ ਨੂੰ ਰੋਕਿਆ ਜਾ ਸਕੇ। ਇਸ ਮੌਕੇ ਗੱਲਬਾਤ ਕਰਦਿਆਂ ਭੱਠਲ ਨੇ ਕਿਹਾ ਕਿ ਸਰਕਾਰ ਵੱਲੋਂ ਗਊ ਟੈਕਸ ਤਾਂ ਜ਼ਰੂਰ ਲਗਾਇਆ ਜਾ ਰਿਹਾ ਹੈ ਪਰ ਸਰਕਾਰ ਗਊਸ਼ਾਲਾ ਦੀ ਡਿਵੈਲਪਮੈਂਟ ਕਰਵਾਉਣ 'ਚ ਜਾਂ ਨਵੀਆਂ ਗਊਸ਼ਾਲਾ ਬਣਵਾਉਣ ਤੋਂ ਕੋਹਾ ਦੂਰ ਹੈ। ਅੱਜ ਦੇ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ ਕਿ ਅਵਾਰਾ ਪਸ਼ੂਆਂ ਦਾ ਕੋਈ ਢੁਕਵਾਂ ਪ੍ਰਬੰਧ ਕੀਤਾ ਜਾਵੇ ਤਾ ਜੋ ਫਸਲਾਂ ਦਾ ਉਜਾੜਾ ਰੁਕ ਸਕੇ ਤੇ ਅਵਾਰਾ ਪਸ਼ੂਆਂ ਨਾਲ ਹੋ ਰਹੇ ਹਾਦਸਿਆਂ ਕਾਰਨ ਕੀਮਤੀ ਜਾਨਾਂ ਦਾ ਬਚਾਅ ਹੋ ਸਕੇ।

ਬਾਬਾ ਜੱਸਾ ਸਿੰਘ ਬਜਵਾੜਾ ਕਲਾਂ ਨੂੰ ਨਮ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਬਜਵਾੜਾ ਕਲਾਂ ਦੇ ਸੇਵਾਦਾਰ ਬਾਬਾ ਜੱਸਾ ਸਿੰਘ ਬਜਵਾੜਾ ਕਲਾਂ ਦਾ ਜਿਨ੍ਹਾਂ ਦਾ ਬੀਤੀ ਦਿਨੀਂ ਅਚਾਨਕ ਦੇਹਾਂਤ ਹੋ ਗਿਆ ਸੀ, ਦਾ ਨਮ ਅੱਖਾਂ ਨਾਲ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਤਾ ਨੂੰ ਅਗਨੀ ਜਥੇਦਾਰ ਬਾਬਾ ਗੁਰਦੇਵ ਸਿੰਘ ਮੁੱਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਅਰਦਾਸ ਕਰਕੇ ਦਿਖਾਈ। ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਆਗੂਆਂ, ਧਾਰਮਿਕ ਜਥੇਬੰਦੀਆਂ, ਸਮਜਿਕ ਸੰਸਥਾਵਾਂ ਅਤੇ ਪੱਤਰਕਾਰ ਭਾਈਚਾਰੇ ਨੇ ਦੁੱਖ ਸਾਂਝਾ ਕੀਤਾ। ਇਸ ਮੌਕੇ ਮਨਜਿੰਦਰ ਸਿੰਘ ਲੰਗੇਰੀ, ਤਲਵਿੰਦਰ ਸਿੰਘ ਬਾੜੀਆਂ, ਗੁਰਪਾਲ ਸਿੰਘ ਬਜਵਾੜਾ ਕਲਾਂ, ਮਨਜੀਤ ਸਿੰਘ ਜਲੰਧਰ, ਬਲਵੀਰ ਸਿੰਘ ਹੇੜੀਆ, ਅਜਮੇਰ ਸਿੰਘ ਮੁੱਖਲਿਆਣਾ, ਜਥੇਦਾਰ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਰੀ ਫਰੰਟ ,ਜਥੇਦਾਰ ਸੁਰਜੀਤ ਸਿੰਘ ਮਸੂਤਾ, ਸਿਮਰਨਜੀਤ ਸਿੰਘ ਬਜਵਾੜਾ ਕਲਾਂ, ਜਸਪ੍ਰੀਤ ਸਿੰਘ, ਜੱਸਾ ਸਿੰਘ ਬਜਵਾੜਾ ਕਲਾਂ, ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਅਕਾਸ਼ਦੀਪ ਸਿੰਘ ਦਮਦਮੀ ਟਕਸਾਲ, ਰੇਸ਼ਮ ਸਿੰਘ, ਧਰਮ ਸਿੰਘ ਹਰਮੋਇਆ, ਸੁਖਵਿੰਦਰ ਸਿੰਘ, ਸਤਨਾਮ ਸਿੰਘ ਖੇੜਾ, ਜੋਧ ਸਿੰਘ, ਅਜੀਤ ਸਿੰਘ ਸੁਭਾਨਪੁਰ, ਬਲਰਾਜ ਸਿੰਘ ਜਲੰਧਰ, ਫਹਤਿ ਸਿੰਘ ਜਲੰਧਰ, ਸਰਬਜੀਤ ਸਿੰਘ ਜਲੰਧਰ ਆਦਿ ਹਾਜਰ ਸਨ।

ਚੋਰੀ ਦੀਆਂ ਬੈਟਰੀਆਂ ਸਮੇਤ ਦੋ ਚੋਰਾਂ ਨੂੰ ਕੀਤਾ ਕਾਬੂ

ਬਿਲਗਾ (ਵਿਜੇ ਕੁਮਾਰ) : ਬਿਲਗਾ ਪੁਲਸ ਵੱਲੋਂ ਚੋਰੀ ਦੀ ਵਾਰਦਾਤਾਂ ਕਰਨ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਮਿਲਿਆ ਹੈ। ਇਸ ਸੰਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਮੁੱਖ ਅਫਸਰ ਥਾਣਾ ਬਿਲਗਾ ਮਹਿੰਦਰ ਪਾਲ ਨੇ ਦੱਸਿਆ ਕਿ ਏ ਐਸ ਆਈ ਅਨਵਰ ਮਸੀਹ ਸਮੇਤ ਪੁਲਸ ਪਾਰਟੀ ਗਸ਼ਤ ਦੇ ਸੰਬੰਧ ਵਿੱਚ ਬੱਸ ਅੱਡਾ ਬਿਲਗਾ ਮੌਜੂਦ ਸੀ ਤਾਂ ਚਰਨਜੀਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਤਲਵਣ ਥਾਣਾ ਬਿਲਗਾ ਨੇ ਦੱਸਿਆ ਕਿ ਉਹ ਕਰਤਾਰ ਬੱਸ ਸਰਵਿਸ ਵਿਚ ਬਤੌਰ ਡਰਾਈਵਰ ਕੰਮ ਕਰਦਾ ਹੈ ਅਤੇ ਉਹ ਮਿਤੀ 05/1/2023 ਨੂੰ ਸਮੇਤ ਕੰਡਕਟਰ ਹੈਨਰੀ ਫਾਰਮ ਕਸਬਾ ਬਿਲਗਾ ਵਿਖੇ ਬੱਸ ਖੜ੍ਹੀ ਕਰਕੇ ਗਿਆ ਸੀ। ਜਦ ਉਹ ਸਮੇਤ ਕੰਡਕਟਰ ਸਵੇਰੇ ਹੈਨਰੀ ਫਾਰਮ ਕਸਬਾ ਬਿਲਗਾ ਜਾ ਕੇ ਬੱਸ ਚਲਾਉਣ

15-JAN-PAGE-8.qxd 1/14/2023 10:53 PM Page 1

ਲੋਹੜੀ ਦਾ ਤਿਉਹਾਰ ਵੱਖ-ਵੱਖ ਥਾਈਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਪਾਤੜਾਂ

ਮਮਦੋਟ

ਚੀਮਾ ਮੰਡੀ

ਮੋਗਾ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)

ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀਏਵੀ ਪਬਲਿਕ ਸਕੂਲ ਪਾਤੜਾਂ ਵਿੱਚ ਲੋਹੜੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਸਕੂਲ ਦੇ ਮਹਾਂ ਰਿਸ਼ੀ ਦਇਆਨੰਦ ਹਾਊਸ ਤੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਦੀ ਰਹਿਨੁਮਾਈ ਅਧੀਨ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਲੋਹੜੀ ਦੀ ਪਵਿੱਤਰ ਧੂਣੀ ਬਾਲ ਕੇ ਕੀਤੀ ਗਈ। ਨੌਵੀਂ ਜਮਾਤ ਦੀ ਵਿਦਿਆਰਥਣ ਪੂਜਾ ਰਾਣੀ ਨੇ ਆਪਣੇ ਭਾਸ਼ਣ ਰਾਹੀਂ ਲੋਹੜੀ ਦੇ ਤਿਉਹਾਰ

ਬਰਨਾਲਾ

ਦੇ ਇਤਿਹਾਸ ਸਬੰਧੀ ਚਾਨਣਾ ਪਾਇਆ। ਇਸ ਉਪਰੰਤ ਸਕੂਲ ਦੇ ਅੱਠਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਮੰਚ ਸੰਚਾਲਨ ਅਧਿਆਪਕਾ ਦਲਜੀਤ ਕੌਰ ਤੇ ਅਧਿਆਪਕ ਸਮਸ਼ੇਰ ਸਿੰਘ ਜਸਲ ਦੁਆਰਾ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਅਧਿਆਪਕ ਮੁਖੀ ਸੰਦੀਪ ਸ਼ਰਮਾ ਨੇ ਸਭ ਨੂੰ ਇਸ ਪਵਿੱਤਰ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।

ਮਮਦੋਟ (ਹਰਪਾਲ ਸਿੰਘ ਸੋਢੀ)-ਬਲਾਕ ਵਿਕਾਸ ਤੇ ਪੰਚਾਇਤ ਅਫਸਰ ਮਮਦੋਟ ਦੇ ਦਫਤਰ ਵਿਖੇ ਲੋਹੜੀ ਦਾ ਤਿਉਹਾਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸਰਬਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਸਮੂਹ ਦਫਤਰੀ ਮੁਲਾਜ਼ਮਾਂ ਦੀ ਹਾਜ਼ਰੀ ਵਿੱਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਹੈ, ਜਿਸ ਵਿੱਚ ਸੀ.ਡੀ.ਪੀ.ਓ. ਦਫਤਰ ਤੇ ਬੀ.ਪੀ.ਓ, ਦਫਤਰ ਦੇ ਮੁਲਾਜਜ਼ ਵੀ ਹਾਜ਼ਰ ਹੋਏ। ਇਸ ਮੌਕੇ ਸਾਰਿਆਂ ਨੇ ਇੱਕ ਦੂਸਰੇ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆ ਤੇ ਚੰਗੇ ਭਵਿੱਖ ਦੀ ਕਮਾਨਾ ਕੀਤੀ। ਇਸ ਮੌਕੇ ਵਿਕਰਮ ਚੌਹਾਨ ਸੁਪਰਡੈਂਟ, ਰੋਹਿਤ ਕੱਕੜ ਕੰਪਿਊਟਰ ਅਪ੍ਰੇਟਰ, ਗੁਰਮੀਤ ਸਿੰਘ ਸੰਮਤੀ ਪਟਵਾਰੀ, ਅਮਨਦੀਪ

ਸਮਰਾਲਾ

ਸਿੰਘ ਈ ਪੰਚਾਇਤ ਸੀ ਏ, ਹਰਵਿੰਦਰ ਕੌਰ ਸੀ.ਈ. ਪੰਚਾਇਤ ਸੀ ਏ, ਸੁਭਾਸ਼ ਚੰਦਰ ਜੂਨੀਅਰ ਸਹਾਇਕ ਤੇ ਛਿੰਦਰ ਸਿੰਘ ਆਦਿ ਹਾਜ਼ਰ ਸਨ।

ਚੀਮਾ ਮੰਡੀ (ਰਵਿੰਦਰ ਚੀਮਾ) : ਮਾਡਰਨ ਕਾਲਜ ਆਫ ਐਜੂਕੇਸ਼ਨ, ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਅਗਵਾਈ ਹੇਠ ਲੋਹੜੀ ਦਾ ਤਿਉਹਾਰ ਬੜੇ ਹੀ ਚਾਅ ਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਨੇ ਦੱਸਿਆ ਕਿ ਤਿਉਹਾਰ ਮੌਕੇ ਸ਼ਾਮਲ ਸਾਰੇ ਹੀ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮੂੰਗਫਲੀ ਤੇ ਰਿਉੜੀਆਂ ਵੰਡੀਆਂ ਗਈਆਂ। ਇਸ ਤੋਂ ਬਾਅਦ ਪ੍ਰਿੰਸੀਪਲ ਵੱਲੋਂ ਇਸ ਤਿਉਹਾਰ ਇਤਿਹਾਸ ਬਾਰੇ ਦੱਸਿਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਕਿਹਾ ਕਿ ਇਹ ਤਿਉਹਾਰ ਰਿਸ਼ਤਿਆਂ ਦੀ ਭਾਈਚਾਰਕ ਸਾਂਝ ਨੂੰ ਵਧਾਉਂਦਾ ਹੈ ਤੇ ਰਿਸ਼ਤਿਆਂ ਵਿੱਚ ਮਿਠਾਸ ਘੋਲਦਾ ਹੈ। ਉਨ੍ਹਾਂ ਵਿਦਿਆਰਥੀਆਂ ਤੇ ਸਟਾਫ ਨੂੰ ਇਸ ਤਿਉਹਾਰ ਦੀ ਵਧਾਈ ਵੀ ਦਿੱਤੀ।

ਮੋਗਾ (ਅਮਰਜੀਤ ਬੱਬਰੀ) : ਸੁਖਦੇਵਾ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਫਾਰ ਗਰਲਜ਼ ਘੱਲ ਕਲਾਂ ਮੋਗਾ ਵਿਖੇ ਲੋਹੜੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਗੀਤ, ਡਾਂਸ ਤੇ ਗਿੱਧਾ ਪੇਸ਼ ਕੀਤਾ ਗਿਆ। ਕੋਮਲ ਤੇ ਅਨੂਪ੍ਰੀਤ ਵੱਲੋਂ ਡਾਂਸ ਪੇਸ਼ ਕੀਤਾ ਗਿਆ, ਹਰਪ੍ਰੀਤ ਅਮਨਜੋਤ ਰਾਣੀ ਨੇ ਗੀਤ ਪੇਸ਼ ਕੀਤੇ। ਇਸ ਮੌਕੇ ਕਾਲਜ ਪ੍ਰਿੰ. ਡਾ. ਮੋਨਿਕਾ ਵਰਮਾ ਨੇ ਲੋਹੜੀ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਰੰਗਾਰੰਗ ਪ੍ਰੋਗਰਾਮ ਤੋਂ ਬਾਅਦ ਕਾਲਜ ਵਿੱਚ ਲੋਹੜੀ ਜਲਾਈ ਗਈ ਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋ2 ਲੋਹੜੀ ਦੀ ਪਵਿੱਤਰ ਅਗਨੀ ਵਿੱਚ ਤਿਲ ਰਿਓੜੀਆਂ ਤੇ ਮੂੰਗਫਲੀ ਪਾਈ ਗਈ ਅਤੇ ਸਾਰਿਆਂ ਨੂੰ ਮੂੰਗਫਲੀਆਂ ਤੇ ਰਿਓੜੀਆਂ ਵੰਡੀਆਂ ਗਈਆਂ। ਇਸ ਮੌਕੇ ਕਾਲਜ ਚੇਅਰਮੈਨ ਡਾ.

ਜਗਰਾਓਂ

ਅਸ਼ੋਕ ਗਰਗ, ਡਾਇਰੈਕਟਰ ਸੁਧੀਰ ਗਰਗ, ਜਨ. ਸਕੱਤਰ ਡਾ. ਰਾਘਵ ਗਰਗ, ਡਾ. ਨੀਨਾ ਗਰਗ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਮਮਦੋਟ (ਹਰਪਾਲ ਸਿੰਘ ਸੋਢੀ) : ਦਸਮੇਸ਼ ਯੂਵਕ ਸੇਵਾਵਾਂ ਕਲੱਬ ਤੇ ਸ਼ਹੀਦ ਊਧਮ ਸਿੰਘ ਯੂਥ ਐਂਡ ਸਪੋਰਟਸ ਕਲੱਬ ਪੋਜੋ ਕੇ ਉਤਾੜ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਵਿੱਚ 13 ਨਵ-ਜੰਮੀਆਂ ਲੜਕੀਆਂ ਦੀ ਲੋਹੜੀ ਮਨਾਈ ਗਈ। ਇਸ ਮੌਕੇ ਕਲੱਬ ਦੇ ਪ੍ਰਧਾਨ ਵਿਕਰਮਜੀਤ ਸਿੰਘ (ਸਟੇਟ ਐਵਾਰਡੀ) ਨੇ ਦੱਸਿਆ ਕਿ ਪਿੰਡ ਵਿੱਚ ਹਰ ਸਾਲ ਨਵ-ਜੰਮੀਆਂ ਲੜਕੀਆਂ ਦੀ ਲੋਹੜੀ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਇਸ ਵਾਰ ਵੀ ਪਿੰਡ ਵਿੱਚ 13 ਨਵ-ਜੰਮੀਆਂ ਲੜਕੀਆਂ ਦੀ ਲੋਹੜੀ ਮਨਾਈ ਗਈ। ਨਵ-ਜੰਮੀਆਂ ਲੜਕੀਆਂ ਨੂੰ ਗਰਮ ਕੱਪੜੇ, ਖਿਡੌਣੇ, ਮੂੰਗਫਲੀ, ਗੁੜ ਤੇ ਗੱਚਕ ਦੇ ਗਿਫਟ ਦਿੱਤੇ ਗਏ। ਇਸ ਮੌਕੇ ਪਿੰਡ ਦੀ ਸਰਪੰਚ ਰਾਜਬਿੰਦਰ ਕੌਰ ਨੇ ਕਿਹਾ ਕਿ ਲੜਕੀਆਂ ਹਰੇਕ ਖੇਤਰ ਵਿੱਚ ਮੋਢੇ ਦੇ ਨਾਲ ਮੋਢਾ ਲਗਾ ਕੇ ਕੰਮ ਕਰ ਰਹੀਆਂ ਹਨ, ਸਾਨੂੰ ਪੁੱਤਰਾਂ ਦੀ ਤਰ੍ਹਾਂ ਹੀ ਧੀਆਂ ਦਾ ਮਾਣ ਸਨਮਾਨ ਕਰਦੇ ਰਹਿਣਾ ਚਾਹੀਦਾ ਹੈ, ਤਾਂ ਜੋ ਵੱਡੀਆਂ ਹੋ ਕੇ ਹਰਕ ਖੇਤਰ ਵਿੱਚ ਤਰੱਕੀਆਂ ਕਰਨ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦੇਸ ਰਾਜ, ਗੁਰਚਰਨ ਸਿੰਘ, ਬੂਟਾ ਸਿੰਘ, ਮੁਨਸਾ ਸਿੰਘ, ਜਸਵਿੰਦਰ ਸਿੰਘ, ਬੋਹੜ ਸਿੰਘ, ਪ੍ਰਕਾਸ਼ ਕੌਰ, ਸਵਰਨਾ ਕੌਰ, ਊਸ਼ਾ ਰਾਣੀ, ਪੰਚ ਮਲੂਕ ਸਿੰਘ, ਪੰਚ ਭੰਨੋਂ ਬੀਬੀ, ਪੰਚ ਮੇਹਰ ਸਿੰਘ, ਪੰਚ ਛਿੰਦੋ ਤੇ ਆਂਗਣਵਾੜੀ ਮੈਡਮ ਦਰਸ਼ਨਾ ਰਾਣੀ ਆਦਿ ਹਾਜ਼ਰ ਸਨ।

ਧਰਮਕੋਟ (ਗੁਰਦੀਪ ਸਿੰਘ ਭੁੱਲਰ) : ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਮਾਗਮ ਦੀ ਸ਼ੁਰੂਆਤ ਪ੍ਰਿੰਸੀਪਲ ਡਾਕਟਰ ਰਾਜਵਿੰਦਰ ਕੌਰ ਤੇ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਤੇ ਅਧਿਆਪਕਾਂ, ਵਿਦਿਆਰਥੀਆਂ ਵੱਲੋਂ ਧੂਣੀ ਬਾਲ ਕੇ ਕੀਤੀ ਗਈ ਅਤੇ ਸਾਰਿਆਂ ਨੂੰ ਮੂੰਗਫਲੀ ਤੇ ਰਿਓੜੀਆਂ ਵੀ ਵੰਡੀਆਂ ਗਈਆਂ। ਇਸ ਮੌਕੇ 8ਵੀਂ ਕਲਾਸ ਦੇ ਵਿਦਿਆਰਥੀਆਂ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ ਸਕੂਲ ਵਿੱਚ ਭੰਗੜਾ, ਡਾਂਸ ਪੇਸ਼ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਸਾਰਿਆਂ ਮਾਪਿਆਂ ਤੇ ਬੱਚਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਬਲਿਹਾਰ ਸਿੰਘ, ਬਲਕਾਰ ਸਿੰਘ, ਕੁਲਵੰਤ ਸਿੰਘ ਚੀਮਾ ਤੇ ਸਮੂਹ ਸਟਾਫ ਮੈਂਬਰ ਸ਼ਾਮਲ ਸਨ।

ਮੋਗਾ (ਅਮਰਜੀਤ ਬੱਬਰੀ) : ਐੱਸ.ਐੱਫ.ਸੀ. ਸੰਸਥਾ ਜਲਾਲਾਬਾਦ ਪੂਰਬੀ ਵਿਖੇ ਲੋਹੜੀ ਦਾ ਤਿਉਹਾਰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਸ਼੍ਰੀ ਅਭਿਸ਼ੇਕ ਜਿੰਦਲ, ਪ੍ਰਿੰਸੀਪਲ ਅਨਿਲ ਜਿੰਦਲ, ਅਰਵਿੰਦਰ ਸਿੰਘ, ਮਨਜਿੰਦਰ ਸਿੰਘ ਸੇਖੋਂ, ਗੁਰਪ੍ਰੀਤ ਕੌਰ, ਸਤਵੰਤ ਕੌਰ, ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ। ਸੰਸਥਾ ਦੇ ਡਾਇਰੈਕਟਰ ਅਭਿਸ਼ੇਕ ਜਿੰਦਲ ਨੇ ਲੋਹੜੀ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਹੁਣ ਸਮਾਂ ਬਦਲ ਗਿਆ ਹੈ ਤੇ ਹੁਣ ਲੋਕ ਮੁੰਡੇ ਤੇ ਕੁੜੀ ਵਿੱਚ ਫਰਕ ਨਾ ਸਮਝਦੇ ਹੋਏ ਕੁੜੀਆਂ ਦੀ ਵੀ ਲੋਹੜੀ ਮਨਾਉਣ ਲੱਗ ਪਏ ਹਨ, ਜੋ ਕਿ ਇੱਕ ਬਹੁਤ ਹੀ ਚੰਗਾ ਉਪਰਾਲਾ ਹੈ। ਇਸ ਮੌਕੇ ਸਾਰਿਆਂ ਦੁਆਰਾ ਲੋਹੜੀ ਦੀ ਪਵਿੱਤਰ ਅੱਗ 'ਚ ਤਿਲ, ਰਿਉੜੀ, ਮੂੰਗਫਲੀ ਆਦਿ ਚੀਜ਼ਾਂ ਨੂੰ ਪਾਇਆ ਗਿਆ। ਇਸ ਤੋਂ ਬਾਅਦ ਸਾਰਿਆਂ ਨੂੰ ਮੂੰਗਫਲੀ ਤੇ ਗੱਚਕ ਵੰਡੀ ਗਈ ਤੇ ਲੋਹੜੀ ਦੇ ਗੀਤ ਗਾਏ ਅਤੇ ਧੂਣੀ ਦੀ ਅੱਗ ਦੇ ਸੇਕ ਦਾ ਅਨੰਦ ਮਾਣਿਆ।

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ) : ਲੋਹੜੀ ਦੇ ਪਵਿੱਤਰ ਤਿਉਹਾਰ ਮੌਕੇ ਪਾਤੜਾਂ ਪੁਲਸ ਦੇ ਮੁਲਾਜ਼ਮਾਂ ਨੇ ਲੋਹੜੀ ਦਾ ਤਿਉਹਾਰ ਮਨਾਇਆ, ਜਿਸ ਵਿੱਚ ਡੀ ਐੱਸ ਪੀ ਦਫਤਰ ਪਾਤੜਾਂ ਸਮੇਤ ਥਾਣਾ ਸਦਰ ਪਾਤੜਾਂ, ਸਿਟੀ ਪੁਲਸ ਚੌਕੀ ਤੇ ਥਾਣਾ ਸ਼ੁਤਰਾਣਾ ਅਤੇ ਪੁਲਸ ਚੌਕੀ ਗੁਲਜਾਰ ਪੁਰਾ ਦੇ ਮੁਲਾਜ਼ਮਾਂ ਨੇ ਆਪਣੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਡੀ ਐੱਸ ਪੀ ਗੁਰਦੀਪ ਸਿੰਘ ਦਿਉਲ ਨੇ ਦੱਸਿਆ ਕਿ ਲੋਹੜੀ ਦਾ ਤਿਉਹਾਰ ਹਰ ਵਰਗ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਸਮੂਹ ਪੁਲਸ ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲੋਹੜੀ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਥਾਣਾ ਮੁਖੀ ਪਾਤੜਾਂ ਹਰਮਿੰਦਰ ਸਿੰਘ, ਥਾਣਾ ਮੁਖੀ ਸ਼ੁਤਰਾਣਾ ਦੇ ਮੁਖੀ ਮਨਪ੍ਰੀਤ ਸਿੰਘ, ਲੀਡਰ ਡੀ ਐੱਸ ਪੀ ਮਨਦੀਪ ਸਿੰਘ, ਸਿਟੀ ਪੁਲਸ ਚੌਕੀ ਇੰਚਾਰਜ ਪਾਤੜਾਂ ਬਲਕਾਰ ਸਿੰਘ, ਗੁਲਜ਼ਾਰਪੁਰਾ ਠਠੂਆ ਪੁਲਸ ਚੌਕੀ ਦੇ ਇੰਚਾਰਜ ਚੰਨਾ ਸਿੰਘ ਆਦਿ ਹਾਜ਼ਰ ਸਨ।

ਸਮਰਾਲਾ (ਸੁਰਜੀਤ ਸਿੰਘ) : ਕਿੰਡਰ ਡਾਲਟਨ ਸਕੂਲ ਵਿੱਚ ਲੋਹੜੀ ਦਾ ਤਿਉਹਾਰ ਸਕੂਲ ਦੇ ਖੁੱਲ੍ਹੇ ਗਰਾਊਂਡ 'ਚ ਮਨਾਇਆ, ਜਿਸ ਵਿੱਚ ਆਧਿਆਪਕ ਤੇ ਵਿਦਿਆਰਥੀ ਸ਼ਾਮਲ ਹੋਏ। ਸਕੂਲ ਦੀ ਸਵੇਰ ਦੀ ਸਭਾ ਵਿੱਚ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਬੱਚਿਆਂ ਨੂੰ ਲੋਹੜੀ ਦੇ ਤਿਉਹਾਰ

ਮੋਗਾ

ਨਾਲ ਸੰਬੰਧਤ ਦੰਤ-ਕਥਾ ਦੁੱਲਾ ਭੱਟੀ ਬਾਰੇ ਜਾਣਕਾਰੀ ਦਿੱਤੀ ਹੈ ਤੇ ਇਸ ਤੋਂ ਬਾਅਦ ਲੋਹੜੀ ਦੇ ਇਸ ਪ੍ਰੋਗਰਾਮ ਵਿੱਚ ਬੱਚਿਆਂ ਨੇ ਆਪਣੀਆਂ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ। ਬੱਚਿਆਂ ਨੇ ਲੋਹੜੀ ਦੇ ਤਿਉਹਾਰ 'ਤੇ ਕਵਿਤਾਵਾਂ ਤੇ ਗੀਤ ਪੇਸ਼ ਕੀਤੇ। ਲੋਹੜੀ ਦੇ ਤਿਉਹਾਰ ਦੇ ਚਾਅ ਵਿੱਚ ਸਕੂਲ ਦੇ ਵਿਦਿਆਰਥੀ ਤੇ ਸੋਹਣੀਆਂ ਪੋਸ਼ਾਕਾਂ ਵਿੱਚ ਸਜ-ਧਜ ਕੇ ਸਕੂਲ ਵਿੱਚ ਖੁਸ਼ੀਆਂ ਮਨਾ ਰਹੇ ਸਨ। ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਲੋਹੜੀ ਦੇ ਤਿਉਹਾਰ ਦੀਆਂ ਬੱਚਿਆਂ ਤੇ ਆਧਿਆਪਕਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਹੜੀ ਦਾ ਤਿਉਹਾਰ ਬਹੁਤ ਹੀ ਚਾਅ ਨਾਲ ਮਨਾਇਆ ਜਾਂਦਾ ਹੈ, ਜਿਨ੍ਹਾਂ ਦੇ ਘਰ ਵਿਆਹ ਹੋਇਆ ਹੁੰਦਾ ਹੈ ਜਾਂ ਕਿਸੇ ਦੇ ਘਰ ਬੱਚਾ ਜੰਮਿਆ ਹੁੰਦਾ ਹੈ, ਉਨ੍ਹਾਂ ਦੇ ਘਰਾਂ ਵਿੱਚ ਲੋਹੜੀ ਦਾ ਉਤਸਵ ਮਨਾਇਆ ਜਾਂਦਾ ਹੈ। ਮੁਹੱਲੇ ਦੀਆਂ ਔਰਤਾਂ ਆਪਣੇ ਆਂਢ- ਗੁਆਂਢ ਵਿੱਚ ਮੂੰਗਫਲੀ ਤੇ ਰਿਓੜੀਆਂ ਵੰਡਦੀਆਂ ਹਨ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਡਾਇਰੈਕਟਰ ਸਰਬਜੀਤ ਕੌਰ ਤੇ ਪ੍ਰਿੰਸੀਪਲ ਰਣਜੋਤ ਕੌਰ ਅਤੇ ਆਧਿਆਪਕਾਂ ਨੇ ਬੱਚਿਆਂ ਨੂੰ ਮੂੰਗਫਲੀ ਤੇ ਰਿਓੜੀਆਂ ਵੰਡੀਆਂ।

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਸਰਕਾਰੀ ਸਮਾਰਟ ਸਕੂਲ ਸੁਹਾਗਹੇੜੀ ਵਿਖੇ ਸਕੂਲ ਸਟਾਫ ਵੱਲੋਂ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਲੜਕੀਆਂ ਦੀ ਲੋਹੜੀ ਮਨਾਈ ਗਈ। ਇਸ ਮੌਕੇ ਸਕੂਲ ਦੇ ਹੈੱਡਮਾਸਟਰ ਤੇਜਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਲੋਹੜੀ ਦੇ ਤਿਉਹਾਰ ਤੇ ਮਾਘੀ ਦੀ ਇਤਿਹਾਸਕ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ। ਸਕੂਲ ਦੀ ਸਾਇੰਸ ਅਧਿਆਪਕਾ ਦਵਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਲੋਹੜੀ ਮੌਕੇ ਗਾਏ ਜਾਂਦੇ ਦੁੱਲੇ ਭੱਟੀ ਦੇ ਗੀਤਾਂ ਦੇ ਪਿਛੋਕੜ ਸਬੰਧੀ ਜਾਣਕਾਰੀ ਦਿੱਤੀ ਗਈ। ਉੱਘੇ ਵਾਤਾਵਰਨ ਪ੍ਰੇਮੀ ਤੇ

ਗੁਰੂ ਹਰਸਹਾਏ

ਸਾਇੰਸ ਅਧਿਆਪਕ ਮਨਮੋਹਨ ਰਾਏ ਥਾਪਰ ਨੇ ਇਸ ਮੌਕੇ ਹਾਜ਼ਰੀਨ ਨੂੰ ਦੱਸਿਆ ਕਿ ਦੁਨੀਆ ਦੇ ਵੱਖ-ਵੱਖ ਖੇਤਰਾਂ 'ਚ ਵੱਡੀਆਂ ਪੁਲਾਂਘਾਂ ਪੁੱਟ ਕੇ ਮਾਪਿਆਂ ਦਾ ਨਾਮ ਕਰ ਰੌਸ਼ਨ ਕਰ ਰਹੀਆਂ ਲੱਖਾਂ ਧੀਆਂ ਤੋਂ ਪ੍ਰੇਰਣਾ ਲੈਂਦਿਆਂ ਸਾਨੂੰ ਸਭ ਨੂੰ ਧੀਆਂ ਦੀ ਲੋਹੜੀ ਵੀ ਪੁੱਤਰਾਂ ਵਾਂਗੂ ਪੂਰੇ ਉਤਸ਼ਾਹ ਨਾਲ ਮਨਾਉਣੀ ਚਾਹੀਦੀ ਹੈ। ਇਸ ਮੌਕੇ ਪੰਜਾਬੀ ਅਧਿਆਪਕਾ ਭੁਪਿੰਦਰ ਕੌਰ ਵੱਲੋਂ ਬੱਚਿਆਂ ਨੂੰ ਲੋਹੜੀ ਦਾ ਸਾਮਾਨ ਵੰਡਦੇ ਹੋਏ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਅਮਰਿੰਦਰ, ਸੁਨੀਲ, ਭੁਪਿੰਦਰ ਸਿੰਘ, ਨਰਿੰਦਰ ਕੌਰ,

ਪਾਤੜਾਂ

ਰਣਵੀਰ ਕੌਰ ਤੇ ਧਰਮਪਾਲ ਆਦਿ ਹਾਜ਼ਰ ਸਨ।

ਬਾਘਾ ਪੁਰਾਣਾ (ਮਨੀ ਸਿੰਗਲਾ) : ਇਲਾਕੇ ਦੀ ਮੰਨੀ ਪ੍ਰਮੰਨੀ ਸੰਸਥਾ ਪੰਜਾਬ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਲੋਹੜੀ ਦਾ ਤਿ

15-JAN-PAGE-9.qxd 1/14/2023 10:52 PM Page 1

ਦੇਸ਼ ਦੁਨੀਆ 'ਚ ਵਸਦੀਆਂ ਸੰਗਤਾਂ ਮਾਘੀ ਮੇਲੇ 'ਤੇ ਹੋਈਆਂ ਨਤਮਸਤਕ

ਸ੍ਰੀ ਮੁਕਤਸਰ ਸਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)

ਜਿੱਥੇ ਦੇਸ਼ ਦੁਨੀਆ ਵਿੱਚ ਵਸਦੇ ਸ਼ਰਧਾਲੂਆਂ ਦਾ ਜਨ ਸੈਲਾਬ ਅੱਜ ਗੁਰਦੁਆਰਾ ਟੂੱਟੀ ਗੰਢੀ ਸਾਹਿਬ ਵਿਖੇ ਪਹੁੰਚ ਕੇ ਚਾਲੀ ਮੁਕਤਿਆਂ ਦੀ ਯਾਦ ਨੂੰ ਸਮਰਪਤ ਮਾਘੀ ਮੇਲੇ 'ਤੇ ਨਤਮਸਤਕ ਹੋਇਆ, ਉਥੇ ਨਾਲ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪਰਵਾਰਕ ਮੈਂਬਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਖੇਡ ਮੰਤਰੀ ਅਤੇ ਐਮ ਐਲ ਏਜ਼ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਦੇ ਮਾਤਾ ਜੀ, ਹਰਪਾਲ ਕੌਰ ਅਤੇ ਭੈਣ ਜੀ ਮਨਪ੍ਰੀਤ ਕੌਰ ਨੇ ਸ੍ਰੀ ਦਰਬਾਰ ਸਹਿਬ ਵਿਖੇ ਮੱਥਾ ਟੇਕਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚਾਲੀ ਮੁਕਤਿਆਂ ਦਾ ਜੀਵਨ ਅੱਜ ਵੀ ਸਾਡੇ ਲਈ ਪ੍ਰੇਰਨਾ ਦਾ ਸ੍ਰੋਤ ਹੈ ਅਤੇ ਸਾਨੂੰ ਆਪਣੇ ਗੁਰੂ ਪ੍ਰਤੀ ਸਮਰਪਣ ਦੀ ਅਗਵਾਈ ਦਿੰਦਾ ਹੈ ਅਤੇ ਸਾਨੂੰ ਚੰਗਿਆਈ ਅਤੇ ਸਚਾਈ ਦੇ ਮਾਰਗ 'ਤੇ ਚੱਲਣ ਲਈ ਵੀ ਪ੍ਰੇਰਿਤ ਕਰਦਾ ਹੈ। ਇਸ ਉਪਰੰਤ ਕੁਲਤਾਰ ਸਿੰਘ ਸੰਧਵਾਂ, ਸਪੀਕਰ ਪੰਜਾਬ ਵਿਧਾਨ ਸਭਾ, ਡਾ.ਬਲਜੀਤ ਕੌਰ ਸਮਾਜਿਕ ਨਿਆਂ, ਅਧਿਕਾਰਤਾ,ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ,ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ, ਗੁਰਮੀਤ ਸਿੰਘ ਮੀਤ ਹੇਅਰ, ਪ੍ਰਸ਼ਾਸਕੀ ਸੁਧਾਰ, ਜਲ ਸਰੋਤ, ਖਣਨ ਤੇ ਭੂ ਵਿਗਿਆਨ, ਸਾਇੰਸ ਤਕਨਾਲੋਜੀ ਤੇ ਵਾਤਾਵਰਣ ਅਤੇ ਖੇਡਾਂ ਤੇ ਯੁਵਕ ਸੇਵਾਵਾਂ, ਮੰਤਰੀ ਪੰਜਾਬ, ਜਗਦੀਪ ਸਿੰਘ ਕਾਕਾ ਬਰਾੜ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ, ਗੁਰਮੀਤ ਸਿੰਘ ਖੁੱਡੀਆ ਹਲਕਾ ਵਿਧਾਇਕ ਲੰਬੀ ਨੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਸੰਧਵਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚਾਲੀ ਮੁਕਤਿਆਂ ਦੀ ਲਾਸਾਨੀ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾ ਇਸ ਮੌਕੇ ਆਪਸੀ ਪਿਆਰ ਬਣਾਈ ਰੱਖਣ, ਪੰਜਾਬ ਦੀ ਚੜ੍ਹਦੀ ਕਲਾ, ਖੁਸ਼ਹਾਲੀ ਅਤੇ ਭਾਈਚਾਰਕ ਸਾਂਝ ਦੀ ਸਲਾਮਤੀ ਦੀ ਵੀ ਅਰਦਾਸ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਮੀਤ ਹੇਅਰ ਨੇ ਪੱਤਰਕਾਰਾਂ ਦੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਮੇਲਾ ਮਾਘੀ ਲਈ ਸਰਕਾਰੀ ਢੁਕਵੀਂ ਥਾਂ ਦਾ ਵੀ ਪ੍ਰਬੰਧ ਕਰਨ ਦੀ ਚਾਰਾਜੋਈ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਨੀਤ ਕੁਮਾਰ ਡਿਪਟੀ ਕਮਿਸ਼ਨਰ, ਉਪਿੰਦਰਜੀਤ ਸਿੰਘ ਘੁੰਮਣ ਐਸ ਐਸ ਪੀ, ਸ੍ਰੀ ਰਵਿੰਦਰ ਸਿੰਘ ਐਡੀਸ਼ਨਲ ਡਿਪਟੀ ਕਮਿਸਨਰ, ਕੰਵਰਜੀਤ ਸਿੰਘ ਐਸ.ਡੀ.ਐਮ., ਗੁਰਦੀਪ ਸਿੰਘ ਮਾਨ ਜ਼ਿਲ੍ਹਾ ਲੋਕ ਸੰਪਰਕ ਅਫਸਰ ਅਤੇ ਅਨਿੰਦਰਵੀਰ ਕੌਰ ਜ਼ਿਲ੍ਹਾ ਖੇਡ ਅਫਸਰ ਵੀ ਮੌਜੂਦ ਸਨ।

26 ਨੂੰ 'ਕੇਸਰੀ ਨਿਸ਼ਾਨ ਸਾਹਿਬ' ਦੀ ਅਗਵਾਈ ਹੇਠ ਮਾਝਾ, ਮਾਲਵਾ, ਦੋਆਬਾ ਵਿਖੇ ਜਮਹੂਰੀਅਤ ਬਹਾਲ ਲਈ ਮਾਰਚ ਹੋਣਗੇ : ਮਾਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-"ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਆਪਣੇ ਮਹਾਨ ਸ਼ਹੀਦਾਂ 40 ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਅੱਜ ਮਾਘੀ ਦੇ ਮਹਾਨ ਦਿਹਾੜੇ 'ਤੇ ਸ੍ਰੀ ਦਰਬਾਰ ਸਾਹਿਬ, ਮੁਕਤਸਰ ਡੇਰਾ ਮਸਤਾਨ ਸਿੰਘ ਵਿਖੇ ਕੀਤੀ ਗਈ ਪੰਥਕ ਕਾਨਫਰੰਸ ਵਿੱਚ ਜਿੱਥੇ ਸ਼ਹੀਦਾਂ ਦੇ ਪੂਰਨਿਆ ਉਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਹੋਏ ਖਾਲਸਾ ਪੰਥ ਦੀ ਮੁਕੰਮਲ ਆਜ਼ਾਦੀ ਦੀ ਜੰਗ ਨੂੰ ਜਮਹੂਰੀਅਤ ਤੇ ਅਮਨਮਈ ਢੰਗ ਨਾਲ ਮੰਜ਼ਲ 'ਤੇ ਪਹੁੰਚਣ ਲਈ ਦ੍ਰਿੜ੍ਹਤਾ ਪ੍ਰਗਟਾਈ ਗਈ, ਉਥੇ ਖਾਲਸਾ ਪੰਥ ਦੇ ਅਹਿਮ ਗੰਭੀਰ ਮਸਲਿਆਂ ਨੂੰ ਮੁੱਖ ਰੱਖ ਕੇ ਤੇ ਸੈਂਟਰ ਦੇ ਹੁਕਮਰਾਨਾਂ ਵੱਲੋਂ ਸਾਡੀ ਐੱਸ.ਜੀ.ਪੀ.ਸੀ. ਦੀ ਸੰਸਥਾਂ ਦੀ ਜਮਹੂਰੀਅਤ ਨੂੰ ਕੁਚਲਣ ਵਿਰੁੱਧ ਅਤੇ ਜਮਹੂਰੀਅਤ ਬਹਾਲੀ ਲਈ 26 ਜਨਵਰੀ ਨੂੰ ਮਾਝਾ, ਮਾਲਵਾ, ਦੋਆਬਾ, ਤਰਨਤਾਰਨ, ਜਲੰਧਰ ਤੇ ਬਰਗਾੜੀ ਵਿਖੇ ਵਿਸ਼ੇਸ਼ ਤੌਰ 'ਤੇ ਕੇਸਰੀ ਨਿਸ਼ਾਨ ਸਾਹਿਬ ਦੀ ਅਗਵਾਈ ਹੇਠ ਵਿਸ਼ਾਲ ਮਾਰਚ ਕਰਦੇ ਹੋਏ ਜਮਹੂਰੀਅਤ ਬਹਾਲੀ ਲਈ ਆਵਾਜ਼ ਬੁਲੰਦ ਕੀਤੀ ਜਾਵੇਗੀ, ਜਿਸ ਵਿੱਚ 25-25, 30-30 ਸਾਲਾਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਗੈਰ-ਕਾਨੂੰਨੀ ਢੰਗ ਨਾਲ ਬੰਦੀ ਰੱਖੇ ਜਾ ਰਹੇ ਸਿੱਖਾਂ ਦੀ ਰਿਹਾਈ, ਬਰਗਾੜੀ ਕਾਂਡ ਦੇ ਸਿੱਖ ਕੌਮ ਦੇ ਕਾਤਲ ਦੋਸ਼ੀਆਂ ਤੇ ਬੁਰਜ ਜਵਾਹਰ ਸਿੰਘ, ਬਹਿਬਲ ਕਲਾਂ ਤੇ ਕੋਟਕਪੂਰਾ ਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਜ਼ਿਸ਼ੀ ਢੰਗ ਨਾਲ ਬੇਅਦਬੀਆਂ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਕਾਨੂੰਨੀ ਸਜ਼ਾਵਾਂ ਦੇਣ ਤੇ ਹੋਰ ਪੰਥਕ ਮੁੱਦਿਆਂ ਉਤੇ ਲੋਕ ਲਹਿਰ ਖੜੀ ਕੀਤੀ ਜਾਵੇਗੀ, ਜਿਸ ਵਿੱਚ ਸਮੁੱਚੀਆਂ ਖਾਲਸਾ ਪੰਥ ਨਾਲ ਸੰਬੰਧਤ ਜਥੇਬੰਦੀਆਂ ਨੂੰ ਇਸ ਵੱਡੇ ਕੌਮੀ ਪ੍ਰੋਗਰਾਮ ਵਿੱਚ ਸੰਜੀਦਗੀ ਤੇ ਜ਼ੋਰ-ਸ਼ੋਰ ਨਾਲ ਸ਼ਮੂਲੀਅਤ ਕਰਨ ਦੀ ਜਿੱਥੇ ਅਪੀਲ ਕੀਤੀ ਗਈ,

ਕਾਨਫਰੰਸ ਦੌਰਾਨ ਮੌਜੂਦ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਲੀਡਰਸ਼ਿਪ ਤੇ ਵਰਕਰ।

ਉਥੇ ਸਮੂਹ ਕੌਮ ਨੂੰ ਆਪਣੇ ਉਪਰੋਕਤ ਮੁੱਦਿਆਂ ਤੇ ਮਸਲਿਆਂ ਦੇ ਹੱਲ ਲਈ ਕੇਸਰੀ ਨਿਸ਼ਾਨ ਸਾਹਿਬ ਥੱਲੇ ਮਜ਼ਬੂਤੀ ਨਾਲ ਇਕੱਠੇ ਹੋਣ ਦਾ ਕੌਮੀ ਹੋਕਾ ਵੀ ਦਿੱਤਾ ਗਿਆ।" ਇਹ ਵਿਚਾਰ ਮੁਕਤਸਰ ਸਾਹਿਬ ਦੀ ਪਵਿੱਤਰ ਸ਼ਹੀਦਾਂ ਦੀ ਧਰਤੀ ਉਤੇ ਸਿਮਰਨਜੀਤ ਸਿੰਘ ਮਾਨ ਐੱਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਵੱਡੇ ਇਕੱਠ ਵਿੱਚ ਸਮੁੱਚੀ ਸਿੱਖ ਕੌਮ ਨੂੰ ਇੱਕ ਗੰਭੀਰ ਸੱਦਾ ਦਿੰਦੇ ਹੋਏ ਤੇ ਪੰਥਕ ਮੁੱਦਿਆ 'ਤੇ ਇਕ ਤਾਕਤ ਹੋ ਕੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਵਾਉਣ ਤੇ ਸ਼ਹੀਦਾਂ ਤੋਂ ਪ੍ਰੇਰਣਾ ਲੈ ਕੇ ਆਪਣੀ ਮੰਜ਼ਲ ਵੱਲ ਦ੍ਰਿੜ੍ਹਤਾ ਨਾਲ ਵਧਣ ਦਾ ਖੁੱਲ੍ਹਾ ਸੱਦਾ ਦਿੰਦੇ ਹੋਏ ਪ੍ਰਗਟ ਕੀਤੇ ਗਏ। ਸ. ਮਾਨ ਨੇ ਉਚੇਚੇ ਤੌਰ ਤੇ ਸਿੱਖ ਕੌਮ ਦੀ ਪਾਰਲੀਮੈਂਟ ਐਸ.ਜੀ.ਪੀ.ਸੀ. ਦੀਆਂ ਬੀਤੇ 12 ਸਾਲਾਂ ਤੋਂ ਰੋਕੀਆਂ ਗਈਆਂ ਜਮਹੂਰੀਅਤ ਚੋਣਾਂ ਸੰਬੰਧੀ ਆਵਾਜ਼ ਉਠਾਉਂਦੇ ਹੋਏ ਕਿਹਾ ਕਿ ਜਦੋਂ ਇੰਡੀਆ ਦੇ ਹੁਕਮਰਾਨ ਇਥੋਂ ਦੀਆਂ ਸਭ ਕਾਨੂੰਨੀ ਸੰਸਥਾਵਾਂ, ਪਾਰਲੀਮੈਂਟ, ਅਸੈਂਬਲੀਆਂ, ਮਿਊਸੀਪਲ ਕੌਂਸਲਾਂ, ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤਾਂ, ਕਾਰਪੋਰੇਸ਼ਨਾਂ ਆਦਿ ਸਭ ਦੀਆਂ ਚੋਣਾਂ ਕਾਨੂੰਨੀ ਸਮਾਂ ਖਤਮ ਹੋਣ ਤੋਂ ਪਹਿਲੇ ਕਰਵਾਉਂਦੇ ਆ ਰਹੇ ਹਨ, ਫਿਰ ਸਿੱਖ ਕੌਮ ਦੀ ਪਾਰਲੀਮੈਂਟ ਐਸ.ਜੀ.ਪੀ.ਸੀ. ਦੀਆਂ ਚੋਣਾਂ ਬੀਤੇ 12 ਸਾਲਾਂ ਤੋਂ ਕਿਉਂ ਨਹੀਂ ਕਰਵਾਈਆ ਜਾ ਰਹੀਆ? ਜਦੋਂਕਿ ਇਸ ਸੰਸਥਾ ਦੀ ਕਾਨੂੰਨੀ ਮਿਆਦ ਵੀ 5 ਸਾਲ ਹੈ। ਅੱਜ ਦੇ ਇਸ ਇਕੱਠ ਵਿੱਚ ਸ. ਮਾਨ ਨੇ ਸਮੁੱਚੀ ਸਿੱਖ ਕੌਮ ਨੂੰ 15 ਅਗਸਤ ਦੀ ਤਰ੍ਹਾਂ ਆਪੋ-ਆਪਣੇ ਘਰਾਂ, ਕਾਰੋਬਾਰਾਂ, ਫਾਰਮਾਂ ਆਦਿ ਹੋਰ ਸਥਾਨਾਂ 'ਤੇ ਖਾਲਸਾਈ ਕੇਸਰੀ ਨਿਸ਼ਾਨ ਸਾਹਿਬ 26 ਜਨਵਰੀ ਨੂੰ ਝੁਲਾਉਣ ਲਈ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ। ਇਸ ਮੌਕੇ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ. ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਜਸਕਰਨ ਸਿੰਘ ਕਾਹਨਸਿੰਘਵਾਲਾ, ਪ੍ਰੋ. ਮਹਿੰਦਰਪਾਲ ਸਿੰਘ, ਡਾ. ਰੀਤੂ ਸਿੰਘ, ਸੁਪਰੀਮ ਕੋਰਟ ਦੇ ਉੱਘੇ ਵਕੀਲ ਜਨਾਬ ਮਹਮੂਦ ਪਰਾਚਾ, ਹਰਪਾਲ ਸਿੰਘ ਬਲੇਰ, ਗੁਰਸੇਵਕ ਸਿੰਘ ਜਵਾਹਰਕੇ, ਹਰਭਜਨ ਸਿੰਘ ਕਸਮੀਰੀ, ਇਮਾਨ ਸਿੰਘ ਮਾਨ, ਗੁਰਜੰਟ ਸਿੰਘ ਕੱਟੂ, ਪਰਮਿੰਦਰ ਸਿੰਘ ਬਾਲਿਆਵਾਲੀ, ਬੀਬੀ ਸਿਮਰਜੀਤ ਕੌਰ, ਗੁਰਚਰਨ ਸਿੰਘ ਭੁੱਲਰ, ਲੱਖਾ ਸਿਧਾਣਾ, ਜਤਿੰਦਰ ਸਿੰਘ ਬਿੰਦ, ਦਰਸਨ ਸਿੰਘ ਮੰਡੇਰ, ਸਹਿਬਾਜ ਸਿੰਘ ਡਸਕਾ, ਬਲਦੇਵ ਸਿੰਘ ਬੜਿੰਗ, ਗੁਰਬਖਸ਼ ਸਿੰਘ ਰੂਬੀ, ਬੀਬੀ ਮਨਦੀਪ ਕੌਰ, ਗੁਰਨੈਬ ਸਿੰਘ ਰਾਮਪੁਰਾ, ਰਾਜਮਹਿੰਦਰ ਸਿੰਘ ਮਾਂਗਟਕੇਰ, ਬਲਜਿੰਦਰ ਸਿੰਘ ਬਰੀਵਾਲਾ, ਭੁਪਿੰਦਰ ਸਿੰਘ ਮਹੀਆਵਾਲਾ, ਸਰਬਜੀਤ ਸਿੰਘ, ਸੁਖਰਾਜ ਸਿੰਘ, ਬਲਵੀਰ ਸਿੰਘ ਬੱਛੋਆਣਾ, ਬਲਵਿੰਦਰ ਸਿੰਘ ਮੰਡੇਰ, ਜਸਵੰਤ ਸਿੰਘ ਦੀਪਸਿੰਘਵਾਲਾ, ਗੁਰਜੰਟ ਸਿੰਘ ਸਾਦਿਕ, ਦਰਸਨ ਸਿੰਘ ਦਲੇਰ, ਗੁਰਤੇਜ ਸਿੰਘ ਅਸਪਾਲ, ਤੇਜਿੰਦਰ ਸਿੰਘ ਦਿਓਲ, ਦੀਪਕ ਸਿੰਗਲਾ, ਬਲਵੀਰ ਸਿੰਘ ਸਰਾਵਾ ਆਦਿ ਆਗੂਆਂ ਨੇ ਸ਼ਮੂਲੀਅਤ ਕੀਤੀ।

ਕਾਤਰਾਂ

ਪਦਮਸ਼੍ਰੀ ਪ੍ਰੋ: ਗੁਰਦਿਆਲ ਸਿੰਘ ਯਾਦਗਾਰੀ ਸਮਾਗਮ ਅੱਜ

ਬਠਿੰਡਾ (ਬਖਤੌਰ ਢਿੱਲੋਂ)-ਪੰਜਾਬੀ ਦੇ ਪ੍ਰਸਿੱਧ ਨਾਵਲਕਾਰ, ਗਿਆਨਪੀਠ ਪੁਰਸਕਾਰ ਜੇਤੂ, ਪਦਮਸ਼੍ਰੀ ਪ੍ਰੋ: ਗੁਰਦਿਆਲ ਸਿੰਘ ਦੇ ਜਨਮ ਦਿਵਸ ਸਬੰਧੀ ਪੰਜਾਬੀ ਸਾਹਿਤ ਸਭਾ (ਰਜਿ:) ਬਠਿੰਡਾ ਵੱਲੋਂ ਇੱਕ ਵਿਸ਼ੇਸ਼ ਸਮਾਗਮ 15 ਜਨਵਰੀ ਨੂੰ ਸਥਾਨਕ ਟੀਚਰਜ਼ ਹੋਮ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਡਾ: ਰਜਿੰਦਰ ਸਿੰਘ ਮੁਖੀ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਹੋਣਗੇ ਤੇ ਮੁੱਖ ਮਹਿਮਾਨ ਵਜੋਂ ਡਾ: ਰਵਿੰਦਰ ਸਿੰਘ ਮਾਨ ਸ਼ਿਰਕਤ ਕਰਨਗੇ। ਸ੍ਰੀ ਬੂਟਾ ਸਿੰਘ ਚੌਹਾਨ ਤੇ ਸ੍ਰੀ ਲਛਮਣ ਮਲੂਕਾ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਣਗੇ। ਸਭਾ ਦੇ ਪ੍ਰਧਾਨ ਸ੍ਰੀ ਜਸਪਾਲ ਮਾਨਖੇੜਾ ਤੇ ਜਨਰਲ ਸਕੱਤਰ ਸ੍ਰੀ ਰਣਜੀਤ ਗੌਰਵ ਨੇ ਦੱਸਿਆ ਕਿ ਡਾ: ਤਰਸੇਮ ਅਮਰ ਡੀ ਏ ਵੀ ਕਾਲਜ ਅਬੋਹਰ ਇੱਕ ਯਾਦਗਾਰੀ ਲੈਕਚਰ ਦੇਣਗੇ। ਉਨ੍ਹਾਂ ਤੋਂ ਇਲਾਵਾ ਡਾ: ਪਰਮਜੀਤ ਰੋਮਾਣਾ, ਅਤਰਜੀਤ, ਗੁਰਦੇਵ ਖੋਖਰ, ਪ੍ਰੋ: ਪ੍ਰਗਟ ਬਰਾੜ ਵੀ ਵਿਚਾਰ ਪੇਸ਼ ਕਰਨਗੇ।

ਇਰਾਦਾ ਕਤਲ ਦੇ ਮਾਮਲੇ 'ਚੋਂ ਤਿੰਨ ਬਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੀ ਅਦਾਲਤ ਵੱਲੋਂ ਇਰਾਦਾ ਕਤਲ ਤੇ ਐੱਸ.ਸੀ.ਐੱਸ.ਟੀ. ਐਕਟ ਅਧੀਨ ਨਾਮਜ਼ਦ ਤਿੰਨ ਵਿਅਕਤੀਆਂ ਨੂੰ ਬਰੀ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਸਦਰ ਜ਼ੀਰਾ ਪੁਲਸ ਵੱਲੋਂ 12 ਮਈ 2020 ਨੂੰ ਦਰਜ ਮਾਮਲੇ ਵਿੱਚ ਮੁੱਦਈ ਗੁਰਮੇਲ ਸਿੰਘ ਨੇ ਦੱਸਿਆ ਕਿ ਉਹ ਦਿਹਾੜੀ ਮਜ਼ਦੂਰੀ ਦਾ ਕੰਮ ਕਰਦਾ ਹੈ ਤੇ ਕੂੜੇ ਦੇ ਢੇਰ ਨੂੰ ਅੱਗ ਲਗਾਉਣ ਨੂੰ ਲੈ ਕੇ ਝਗੜਾ ਕਰਦੇ ਹੋਏ ਮੁਲਜ਼ਮਾਂ ਨੇ ਹਥਿਆਰਬੰਦ ਹੋ ਕੇ ਉਸ 'ਤੇ ਹਮਲਾ ਕੀਤਾ ਤੇ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕੀਤੀ। ਇਸ ਸਬੰਧੀ ਚੱਲੇ ਮਾਮਲੇ ਵਿੱਚ ਭੁਗਤੀਆਂ ਗਵਾਹੀਆਂ ਨੂੰ ਦੇਖਦੇ ਹੋਏ ਜੁਰਮ ਸਾਬਿਤ ਨਾ ਹੋਣ 'ਤੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਫ਼ਿਰੋਜ਼ਪੁਰ ਮੈਡਮ ਰਾਜਵਿੰਦਰ ਕੌਰ ਦੀ ਅਦਾਲਤ ਨੇ ਨਾਮਜ਼ਦ ਹੁਸਨਪ੍ਰੀਤ ਸਿੰਘ ਪੁੱਤਰ ਮਨਜਿੰਦਰ ਸਿੰਘ ਵਾਸੀ ਪਿੰਡ ਵਾੜਾ ਵਰਿਆਮ ਵਾਲਾ, ਹਰਬੰਸ ਸਿੰਘ ਪੁੱਤਰ ਗੁਰਬਚਨ ਸਿੰਘ ਤੇ ਮਨਜਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀਆਨ ਵਾੜਾ ਵਰਿਆਮ ਵਾਲਾ ਨੂੰ ਬਾਇੱਜ਼ਤ ਬਰੀ ਕਰ ਦਿੱਤਾ।

ਚਾਲੀ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਨਿਹੰਗ ਸਿੰਘਾਂ ਵੱਲੋਂ ਮਹੱਲਾ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਮੁਕਤਸਰ ਜੰਗ ਦੇ ਚਾਲੀ (ਮੁਕਤਿਆਂ) ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕਰਵਰਤੀ ਵੱਲੋਂ ਚਲੀ ਆਉਂਦੀ ਖਾਲਸਾਈ ਰਵਾਇਤ ਅਨੁਸਾਰ 15 ਜਨਵਰੀ ਨੂੰ ਸਮੂਹ ਨਿਹੰਗ ਸਿੰਘਾਂ ਦਲਾਂ ਦੇ ਸਹਿਯੋਗ ਨਾਲ ਪੁਰਾਤਨ ਖਾਲਸਾਈ ਪ੍ਰੰਪਰਾ ਅਨੁਸਾਰ ਗੁਰਦੁਆਰਾ ਬਾਬਾ ਨੈਣਾ ਸਿੰਘ ਜੀ ਛਾਉਣੀ ਬੁੱਢਾ ਦਲ ਨੇੜੇ ਗੁਰਦੁਆਰਾ ਤੰਬੂ ਸਾਹਿਬ ਤੋਂ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਨਿਸ਼ਾਨ ਨਿਗਾਰੇ ਦੀ ਛਤਰ ਛਾਇਆ ਹੇਠ ਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਦੀ ਅਗਵਾਈ ਵਿੱਚ ਖਾਲਸਾਈ ਸਿੱਖੀ ਜਾਹੋ ਜਲਾਲ ਨਾਲ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਜਾਵੇਗਾ। ਬੁੱਢਾ ਦਲ ਦੀ ਛਾਉਣੀ ਤੋਂ ਜਾਰੀ ਪ੍ਰੈੱਸ ਬਿਆਨ ਵਿੱਚ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਹੈ ਕਿ ਇਸ ਵਿੱਚ ਨਿਹੰਗ ਸਿੰਘ ਆਪਣੇ ਹਾਥੀਆਂ, ਊਠਾਂ, ਘੋੜਿਆਂ ਨੂੰ ਸ਼ਿੰਗਾਰ ਕੇ ਰਵਾਇਤੀ ਸ਼ਸਤਰਾਂ ਨਾਲ ਸਵਾਰੀ ਕਰਨਗੇ ਤੇ ਗੁਰਦੁਆਰਾ ਟਿੱਬੀ ਸਾਹਿਬ ਨਜ਼ਦੀਕ ਮੈਦਾਨ ਵਿੱਚ ਮਹੱਲਾ ਖੇਡਿਆ ਜਾਵੇਗਾ, ਜਿੱਥੇ ਨਿਹੰਗ ਸਿੰਘ ਘੋੜਿਆਂ ਦੀਆਂ ਦੌੜਾਂ ਹੋਣਗੀਆਂ ਤੇ ਗਤਕੇ ਦੇ ਜੌਹਰ ਵਿਖਾਉਣਗੇ।

ਪੰਜਾਬ ਵਣ ਵਿਭਾਗ ਡਰਾਈਵਰ ਯੂਨੀਅਨ ਦੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਵਣ ਵਿਭਾਗ ਡਰਾਈਵਰ ਯੂਨੀਅਨ ਸੂਬਾ ਕਮੇਟੀ ਦੀ ਮੀਟਿੰਗ ਮਹਿਲ ਸਿੰਘ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੋਈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਵਣ ਮੰਡਲਾਂ ਤੋਂ ਵਿਭਾਗ ਵਿੱਚ ਕੰਮ ਕਰਦੇ ਡਰਾਈਵਰ ਵੱਡੀ ਗਿਣਤੀ 'ਚ ਸ਼ਾਮਲ ਹੋਏ।ਵੱਖ-ਵੱਖ ਬੁਲ

15-JAN-PAGE-1.qxd 1/14/2023 10:50 PM Page 2

ਕੈਮਿਸਟ ਐਸੋਸੀਏਸ਼ਨ ਸਰਦੂਲਗੜ੍ਹ ਦੀ ਮੀਟਿੰਗ

ਸਰਦੂਲਗੜ੍ਹ (ਅਵਤਾਰ ਜਟਾਣਾ)- ਕੈਮਿਸਟ ਐਸੋਸੀਏਸ਼ਨ ਦੀ ਮੀਟਿੰਗ ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਜ਼ਿਲ੍ਹਾ ਡਰੱਗ ਇੰਸਪੈਕਟਰ ਸੀਸਨ ਮਿੱਤਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਜਿਸ ਵਿਚ ਦਵਾਈ ਵਿਕਰੇਤਾਵਾਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਡਰੱਗ ਇੰਸਪੈਕਟਰ ਨੇ ਸਾਰੇ ਕੈਮਿਸਟਾਂ ਨੂੰ ਸ਼ਡਿਊਲ ਐੱਚ ਦੀਆਂ ਦਵਾਈਆਂ ਲਈ ਅਲੱਗ ਰਜਿਸਟਰਡ ਲਾ ਕੇ ਸਾਰਾ ਰਿਕਾਰਡ ਮੁਕੰਮਲ ਕਰਨ ਲਈ ਕਿਹਾ। ਇਸ ਸਮੇਂ ਕੈਮਿਸਟ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ ਹੋਈ ਜਿਸ ਵਿੱਚ ਪੁਰਾਣੀਆਂ ਨਿਯੁਕਤੀਆਂ ਨੂੰ ਬਰਕਰਾਰ ਰੱਖਿਆ ਗਿਆ। ਇਸ ਮੌਕੇ ਵਿਨੋਦ ਤਾਇਲ, ਮੋਹਨ ਸਿੰਘ, ਬੱਬੀ ਜੈਨ, ਭੂਸ਼ਣ ਕੁਮਾਰ, ਸੱਤਪਾਲ, ਹਰਵਿੰਦਰ ਸਿੰਘ, ਅਵਤਾਰ ਜਟਾਣਾ, ਗੁਰਪ੍ਰੀਤ ਸਿੰਘ, ਸੋਨੂੰ ਸਿੰਘ, ਜਗਰੂਪ ਸਿੰਘ, ਮੋਹੁਤ ਅਰੋੜਾ, ਜੈਦੇਵ, ਮਨਦੀਪ ਸਿੰਘ, ਓਮ ਪ੍ਰਕਾਸ਼, ਗੁਰਬੀਰ ਸਿੰਘ, ਜੱਗੀ ਸਿੰਘ ਅਤੇ ਸ਼ਹਿਰ ਦੇ ਹੋਰ ਕੈਮਿਸਟ ਹਾਜ਼ਰ ਸਨ।

ਨੌਜਵਾਨਾਂ ਨੇ ਪਤੰਗਬਾਜ਼ੀ ਕਰਕੇ ਲੋਹੜੀ ਦਾ ਤਿਉਹਾਰ ਮਨਾਇਆ

ਮੱਖੂ (ਰਛਪਾਲ ਸਿੰਘ ਸੰਧੂ)-ਲੋਹੜੀ ਦਾ ਤਿਉਹਾਰ ਸਮੁੱਚੇ ਦੇਸ਼ ਵਿੱਚ ਹਰੇਕ ਵਰਗ ਦੇ ਲੋਕਾਂ ਵੱਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਲੋਹੜੀ ਵਾਲੇ ਦਿਨ ਨੌਜਵਾਨਾਂ ਵੱਲੋਂ ਪਤੰਗਬਾਜ਼ੀ ਬਹੁਤ ਹੀ ਉਤਸ਼ਾਹ ਨਾਲ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਵੰਸ ਅਹੂਜਾ, ਸਿਵੇਨ ਅਹੂਜਾ, ਆਰਿਸ ਗਰੇਵਰ, ਹਿਮਾਂਸ਼ੂ, ਦੁਸ਼ਾਂਤ, ਨਿਤਿਨ, ਸਿਮਰਨਜੀਤ ਧੁੰਨਾ, ਪਾਰਸ, ਰਵਜੋਤ, ਕ੍ਰਿਸ਼, ਰਿਧਮ, ਆਰੀਅਨ ਕੁੰਦਰਾ, ਆਰਿਵ, ਕਨਵਰ ਵੱਲੋਂ ਇੱਕ ਛੱਤ 'ਤੇ ਇਕੱਠੇ ਹੋ ਕੇ ਲੋਹੜੀ ਦਾ ਤਿਉਹਾਰ ਪਤੰਗਬਾਜ਼ੀ ਕਰਕੇ ਅਤੇ ਡੀਜੇ ਲਗਾ ਕੇ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਨੌਜਵਾਨਾਂ ਨੇ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦਾ ਪ੍ਰਣ ਲਿਆ।

ਸੈਕੰਡਰੀ ਸਕੂਲ ਹਮੀਦੀ ਵਿਖੇ ਰਾਸ਼ਟਰੀ ਯੁਵਾ ਦਿਵਸ ਮਨਾਇਆ

ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)- ਨਹਿਰੂ ਯੁਵਾ ਕੇਂਦਰ ਬਰਨਾਲਾ ਵੱਲੋਂ ਜ਼ਿਲਾ ਯੂਥ ਅਫਸਰ ਓਮਕਾਰ ਸਵਾਮੀ ਦੀ ਪ੍ਰਧਾਨਗੀ ਹੇਠ ਸਵਾਮੀ ਵਿਵੇਕਾਨੰਦ ਨੂੰ ਸਮਰਪਤ ਰਾਸ਼ਟਰੀ ਯੁਵਾ ਦਿਵਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਮੀਦੀ ਵਿਖੇ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਸਵਾਮੀ ਵਿਵੇਕਾਨੰਦ ਜੀ ਯੁਵਾ ਸ਼ਕਤੀ ਵਿੱਚ ਵਿਸ਼ਵਾਸ ਰੱਖਦੇ ਸਨ। ਇਹ ਦਿਨ ਨੂੰ ਮਨਾਉਣ ਦਾ ਮੁੱਖ ਉਦੇਸ਼ ਸਾਡੇ ਨੌਜਵਾਨਾਂ ਨੂੰ ਰਾਸ਼ਟਰੀ ਪੱਧਰ 'ਤੇ ਦਿਸ਼ਾ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਵੱਲ ਪ੍ਰੇਰਿਤ ਕਰਨਾ, ਸਵਾਮੀ ਵਿਵੇਕਾਨੰਦ ਦੇ ਵਿਚਾਰਾਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਦੀ ਕਦਰ ਕਰਨਾ ਹੈ। ਉਨ੍ਹਾਂ ਨੌਜਵਾਨਾਂ ਨੂੰ ਸਖਤ ਮਿਹਨਤ ਕਰਨ, ਦੇਸ਼ ਦੇ ਸਮੁੱਚੇ ਵਿਕਾਸ ਵਿੱਚ ਯੋਗਦਾਨ ਪਾਉਣ ਅਤੇ ਸਵਾਮੀ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਪ੍ਰਿੰਸੀਪਲ ਸ਼ਕੁੰਤਲਾ ਦੇਵੀ ਨੇ ਸਵਾਮੀ ਵਿਵੇਕਾਨੰਦ ਦੇ ਜੀਵਨ ਬਾਰੇ ਸਾਰਿਆਂ ਨੂੰ ਜਾਣੂ ਕਰਵਾਉਂਦੇ ਨੌਜਵਾਨ ਵਰਗ ਨੂੰ ਦੇਸ਼ ਦੀ ਤਰੱਕੀ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਸੱਦਾ ਦਿੱਤਾ। ਇਸ ਮੌਕੇ ਅਮਨਿੰਦਰ ਸਿੰਘ, ਲਖਵੀਰ ਸਿੰਘ, ਦਲਬੀਰ ਸਿੰਘ, ਰਾਸ਼ਟਰੀ ਯੁਵਾ ਵਲੰਟੀਅਰ ਰਘਵੀਰ ਸਿੰਘ, ਸਾਜਨ ਸਿੰਘ ਆਦਿ ਹਾਜ਼ਰ ਸਨ।

ਟਚਸਕਾਈ ਇੰਸਟਿਚਿਊਟ ਨੇ ਲਿਆ ਰਿਐਲਟੀ ਮੋਕ ਟੈੱਸਟ

ਬਾਘਾਪੁਰਾਣਾ (ਮਨੀ ਸਿੰਗਲਾ)-ਮੁੱਦਕੀ ਰੋਡ ਸਥਿੱਤ ਟੱਚ ਸਕਾਈ ਇੰਸਟਿਚਿਊਟ ਆਫ਼ ਇੰਗਲਿਸ਼ ਵਿੱਚ ਆਈਲੈਟਸ ਦਾ ਰਿਐਲਟੀ ਮੋਕ ਟੈੱਸਟ ਲਿਆ ਗਿਆ, ਜਿਸ ਵਿੱਚ ਦੂਰ ਦੁਰਾਡੇ ਦੇ ਹੋਰਨਾਂ ਸੈਂਟਰਾਂ ਵਿੱਚ ਪੜ੍ਹ ਰਹੇ ਇੱਕ ਸੌ ਤੋਂ ਵੰਧ ਵਿਦਿਆਰਥੀਆਂ ਨੇ ਹਿੱਸਾ ਲਿਆ। ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇ ਰਿਐਲਟੀ ਮੋਕ ਟੈੱਸਟ ਵਿੱਚ ਵਿਦਿਆਰਥੀਆਂ ਦੇ ਲਿਸਨਿੰਗ, ਰੀਡਿੰਗ, ਸਪੀਕਿੰਗ ਤੇ ਰਾਈਟਿੰਗ ਦੇ ਟੈੱਸਟ ਲਏ ਗਏ। ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਤੇ ਹੈੱਡ ਪੰਕਜ ਗੁਪਤਾ ਨੇ ਕਿਹਾ ਕਿ ਬਾਘਾਪੁਰਾਣਾ ਵਿੱਚ ਪਹਿਲੀ ਵਾਰ ਕਿਸੇ ਸੰਸਥਾ ਵੱਲੋਂ ਵਿਦਿਆਰਥੀਆਂ ਦੇ ਆਈਲੈਟਸ ਦੇ ਲੈਵਲ ਚੈਕ ਦੇ ਪ੍ਰਤੀ ਮੋਕ ਟੈਸਟ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੋਰਨਾਂ ਸੈਂਟਰਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੇ ਇਸ ਟੈੱਸਟ ਵਿੱਚ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਉੱਚ ਬੈਂਡ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕੈਸ਼ ਇਨਾਮ ਵੀ ਦਿੱਤਾ ਜਾਏਗਾ। ਟਚਸਕਾਈ ਇੰਸਟਿਚਿਊਟ ਆਫ਼ ਇੰਗਲਿਸ਼ ਵਿਖੇ ਰਿਐਲਟੀ ਮੋਕ ਟੈੱਸਟ ਦਿੰਦੇ ਹੋਏ ਵਿਦਿਆਰਥੀ।

ਨਵੇਂ ਸਾਲ ਨੂੰ ਸਮਰਪਤ ਬਾਰ ਐਸੋਸੀਏਸ਼ਨ ਨੇ ਸਮਾਗਮ ਕਰਾਇਆ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)- ਬਾਰ ਐਸੋਸੀਏਸ਼ਨ ਦੀ ਨਵੀਂ ਚੁਣੀ ਗਈ ਕਮੇਟੀ ਵੱਲੋਂ ਨਵੇਂ ਸਾਲ ਨੂੰ ਸਮਰਪਤ ਇੱਕ ਸੰਖੇਪ ਸਮਾਗਮ ਕਰਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਆਰ.ਐਸ. ਰਾਏ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸ੍ਰੀਮਤੀ ਬਲਜਿੰਦਰ ਸਿੰਧੂ, ਪ੍ਰਿੰਸੀਪਲ ਜੱਜ ਫੈਮਿਲੀ ਕੋਰਟ ਧੂਰੀ, ਸ੍ਰੀਮਤੀ ਨੇਹਾ ਗੋਇਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਤੇ ਸ੍ਰੀ ਜੀ.ਐਸ ਜੌਹਲ ਸਿਵਲ ਜੱਜ (ਜੂਨੀਅਰ ਡਵੀਜ਼ਨ) ਨੇ ਵਿਸ਼ੇਸ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਬਾਰ ਐਸੋਸ਼ੀਏਸ਼ਨ ਦੇ ਪ੍ਰਧਾਨ ਐਡਵੋਕੇਟ ਰਾਜੀਵ ਸਿੰਗਲਾ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਆਪਣੀ ਰਵਾਇਤ ਮੁਤਾਬਕ ਇਹ ਸਮਾਗਮ ਹਰ ਸਾਲ ਕਰਾਇਆ ਜਾਂਦਾ ਹੈ। ਇਸ ਮੌਕੇ ਮਹਿਮਾਨਾਂ ਤੇ ਸੀਨੀਅਰ ਵਕੀਲਾਂ ਨੂੰ ਸਨਮਾਨਤ ਵੀ ਕੀਤਾ ਗਿਆ। ਪ੍ਰਧਾਨ ਰਾਜੀਵ ਸਿੰਗਲਾ, ਸੈਕਟਰੀ ਮੋਹਿਤ ਸੈਣੀ, ਮੀਤ ਪ੍ਰਧਾਨ ਯੋਗੇਸ਼ ਅੱਤਰੀ ਵੱਲੋਂ ਸਮੂਹ ਬਾਰ ਮੈਂਬਰਾਂ ਦਾ ਧੰਨਵਾਦ ਵੀ ਕੀਤਾ। ਫੋਟੋ ਕੈਪਸ਼ਨ : ਧੂਰੀ : ਸਮਾਗਮ ਦੌਰਾਨ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਨਾਲ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਮੀਟਿੰਗ ਦੌਰਾਨ ਅਹੁਦੇਦਾਰ ਚੁਣੇ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਡਰੋਲੀ ਵਿਖੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਮੀਟਿੰਗ ਹੋਈ । ਮੀਟਿੰਗ ਵਿੱਚ ਕਿਸਾਨ ਆਗੂ ਰਘਬੀਰ ਸਿੰਘ ਨਿਆਲ ਅਤੇ ਮਹਿਲ ਸਿੰਘ ਫੋਜੀ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸਰਬਸੰਮਤੀ ਨਾਲ ਹੋਈ ਚੋਣ ਵਿੱਚ ਪ੍ਰਧਾਨ ਮੇਹਰਬਾਨ ਸਿੰਘ, ਮੀਤ ਪ੍ਰਧਾਨ ਅਮਨਦੀਪ ਸਿੰਘ, ਸਕੱਤਰ ਅੰਮ੍ਰਿਤਪਾਲ ਸਿੰਘ, ਖਜ਼ਾਨਚੀ ਅਮਰਿੰਦਰ ਸਿੰਘ, ਕੋਮਲਜੀਤ ਸਿੰਘ, ਦਿਲਬਾਗ ਸਿੰਘ ਤੇ ਪ੍ਰੈਸ ਸਕੱਤਰ ਸੁਖਚੈਨ ਸਿੰਘ ਨੂੰ ਚੁਣਿਆ ਗਿਆ। ਮੀਟਿੰਗ ਨੂੰ ਸੰਬੋਧਨ ਕਰਦੇ ਕਿਸਾਨ ਆਗੂ ਰਘਬੀਰ ਸਿੰਘ ਨਿਆਲ ਨੇ ਕਿਹਾ ਕਿ ਦਿੱਲੀ ਦੇ ਕਿਸਾਨ ਅੰਦੋਲਨ ਮੌਕੇ ਖੇਤੀ ਕਾਨੂੰਨਾਂ ਦੀ ਵਾਪਸੀ ਸਮੇਂ ਕੇਂਦਰ ਸਰਕਾਰ ਨੇ ਕਿਸਾਨ ਜਥੇਬੰਦੀਆਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ, ਜਿਸ ਕਰਕੇ ਕਿਸਾਨਾਂ ਵਿੱਚ ਅੱਜ ਵੀ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਜਨਵਰੀ ਨੂੰ ਜੀਂਦ ਵਿਖੇ ਕੀਤੀ ਜਾ ਰਹੀ ਕਿਸਾਨ ਰੈਲੀ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਿੰਦਰ ਸਿੰਘ,ਅਰਵਿੰਦਰ ਸਿੰਘ, ਜਸਕਰਨ ਸਿੰਘ, ਅਮਨਦੀਪ ਸਿੰਘ, ਸੁਖਵਿੰਦਰ ਸਿੰਘ, ਸੁੱਖਾ ਸਿੰਘ, ਦਵਿੰਦਰ ਸਿੰਘ, ਗੁਰਬਾਜ ਸਿੰਘ, ਕਾਲਾ ਸਿੰਘ ਸ਼ਾਮਲ ਸਨ।

ਗਣਤੰਤਰ ਦਿਵਸ 'ਤੇ ਹੋਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਕਰਵਾਈ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ ਏ ਵੀ ਸਕੂਲ ਵਿਖੇ ਤਹਿਸੀਲਦਾਰ ਜਸਵਿੰਦਰ ਕੌਰ ਦੇ ਨਿਰਦੇਸ਼ਾਂ 'ਤੇ ਗਣਤੰਤਰ ਦਿਵਸ ਨੂੰ ਸੁਚਾਰੂ ਢੰਗ ਨਾਲ ਮਨਾਉਣ ਦੇ ਲਈ ਸਕੂਲ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਗਣਤੰਤਰ ਦਿਵਸ 'ਤੇ ਹੋਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਕੀਤੀ ਗਈ। ਇਸ ਰਿਹਰਸਲ ਵਿੱਚ ਮਲੋਟ ਸ਼ਹਿਰ ਦੇ ਵੱਖ ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਤਹਿਸੀਲਦਾਰ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਦੇ ਸੱਭਿਆਚਾਰਕ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਆਪਣੀ ਕਲਾ ਨੂੰ ਹੋਰ ਬਿਹਤਰ ਬਣਾਉਣ ਦੀ ਪ੍ਰੇਰਨਾ ਦਿੱਤੀ। ਮੰਚ ਸੰਚਲਾਨ ਦੀ ਭੂਮਿਕਾ ਵਰਿੰਦਰ ਬਜਾਜ ਵਲੋਂ ਬਾਖੂਬੀ ਨਿਭਾਈ ਗਈ। ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਨੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਵੱਖ ਵੱਖ ਸਕੂਲ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

ਪੰਜਾਬ ਦੇ ਹਾਲਾਤ ਚੰਗੇ ਬਣਾਉਣਾ ਚਾਹੁੰਦੇ ਹੋ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਬਚਾ ਲਓ : ਸੁਖਬੀਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਸ੍ਰੀ ਮੁਕਤਸਰ ਸਾਹਿਬ ਵਿਖੇ ਮੇਲਾ ਮਾਘੀ ਮੌਕੇ ਮਲੋਟ ਰੋਡ ਬਾਈਪਾਸ ਸਥਿਤ ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਗ੍ਹਾ 'ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਇੱਕ ਵਿਸ਼ਾਲ ਸਿਆਸੀ ਕਾਨਫਰੰਸ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਰਕਰ, ਵੱਖ ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ 40 ਸਿੰਘਾਂ ਦੀ ਸ਼ਹਾਦਤ ਨੂੰ ਨਮਨ ਕੀਤਾ ਤੇ ਕਿਹਾ ਕਿ ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਵੱਡਾ ਯੋਗਦਾਨ ਸਿੱਖ ਕੌਮ ਦਾ ਹੈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ. ਬਾਦਲ ਨੇ ਕਿਹਾ ਕਿ ਪੰਜਾਬ 'ਚ ਪਹੁੰਚੀ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿੱਚ ਸਾਡੇ ਕੁਝ ਸਿੱਖ ਨੌਜਵਾਨ ਰਾਹੁਲ ਗਾਂਧੀ ਦਾ ਸਵਾਗਤ ਕਰ ਰਹੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਜਿੰਨਾ ਨੁਕਸਾਨ ਪੰਜਾਬ ਦਾ ਗਾਂਧੀ ਪਰਿਵਾਰ ਨੇ ਕੀਤਾ, ਹੋਰ ਕੋਈ ਨਹੀਂ ਕਰ ਸਕਦਾ।

ਉਨਾਂ ਆਮ ਆਦਮੀ ਪਾਰਟੀ 'ਤੇ ਦੋਸ਼ ਲਗਾਏ ਕਿ ਝੂਠੇ ਵਾਅਦੇ ਕਰਕੇ ਸੱਤਾ 'ਚ ਆਈ ਹੈ ਪਾਰਟੀ ਨੂੰ ਗੁਜ਼ਰਾਤ ਤੇ ਹਿਮਾਚਲ ਨੇ ਮੂੰਹ ਨਹੀਂ ਲਗਾਇਆ। ਉਨਾਂ ਪੰਜਾਬ ਦੇ ਲਾਅ ਐਂਡ ਆਰਡਰ 'ਤੇ ਚਿੰਤਾ ਜ਼ਾਹਰ ਕੀਤੀ ਕਿ ਪੰਜਾਬ ਦੀ ਅਮਨ ਸ਼ਾਂਤੀ ਖ਼ਤਮ ਹੁੰਦੀ ਜਾ ਰਹੀ ਹੈ ਤੇ ਹੁਣ ਪੰਜਾਬ ਦੇ ਲੋਕ ਆਪਣਾ ਕਾਰੋਬਾਰ ਸਥਾਪਤ ਕਰਨ ਲਈ ਦੂਸਰੇ ਸੂਬਿਆਂ ਨੂੰ ਜਾ ਰਹੇ ਹਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਰਕਰਾਂ ਤੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਪੰਜਾਬ ਦੇ ਹਾਲਾਤ ਚੰਗੇ ਬਣਾਉਣਾ ਚਾਹੁੰਦੇ ਹੋ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਬਚਾ ਲਓ।

ਪੁਲਸ ਤੇ ਗੈਂਗਸਟਰਾਂ ਵਿਚਾਲੇ ਮੁੱਠਭੇੜ, ਚੱਲੀਆਂ ਗੋਲੀਆਂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿਖੇ ਪੁਲਸ ਤੇ ਗੈਂਗਸਟਰ ਗੁਰਪਿਆਰ ਸਿੰਘ ਵਿਚਾਲੇ ਮੁੱਠਭੇੜ ਹੋਈ।ਇਸ ਦੌਰਾਨ ਪੁਲਸ ਤੇ ਗੈਂਗਸਟਰ ਵਿਚਾਲੇ ਚੱਲੀਆਂ ਤਾਬੜਤੋੜ ਗੋਲੀਆਂ 'ਚ ਗੁਰਪਿਆਰ ਸਿੰਘ ਜ਼ਖਮੀ ਹੋ ਗਿਆ।ਦੱਸਿਆ ਜਾ ਰਿਹਾ ਹੈ ਕਿ ਗੁਰਪਿਆਰ ਸਿੰਘ ਦੀਆਂ ਲੱਤਾਂ ਵਿੱਚ ਗੋਲੀਆਂ ਲੱਗੀਆਂ ਹਨ।ਸੂਤਰਾਂ ਦੇ ਹਵਾਲੇ ਤੋਂ ਇਹ ਵੀ ਖ਼ਬਰ ਹੈ ਕਿ ਜ਼ਖਮੀ ਦੀ ਹਾਲਤ ਵਿੱਚ ਗੁਰਪਿਆਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਦੇ ਕੋਲੋਂ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਹਾਲਾਂਕਿ ਜ਼ਖਮੀ ਹਾਲਤ ਵਿੱਚ ਹੀ ਗੁਰਪਿਆਰ ਸਿੰਘ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।ਪੁਲਸ ਸੂਤਰਾਂ ਦੀ ਮੰਨੀਏ ਤਾਂ ਗੈਂਗਸਟਰ ਅਰਸ਼ ਡੱਲਾ ਦਾ ਗੁਰਪਿਆਰ ਸਿੰਘ ਕਰੀਬੀ ਹੈ ਤੇ ਫਿਰੋਜ਼ਪੁਰ ਵਿਖੇ ਉਹ ਕਿਸੇ ਦੀ ਰੇਕੀ ਕਰਨ ਲਈ ਆਇਆ ਸੀ।ਪੁਲਸ ਨੂੰ ਕਿਸੇ ਖ਼ਾਸ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਗੁਰਪਿਆਰ ਸਿੰਘ ਵੱਡੀ ਵਾਰਦਾਤ ਨੂੰ ਅੰਜ਼ਾਮ ਦੇਣ ਦੀ ਫਿਰਾਕ ਵਿੱਚ ਹੈ।ਪੁਲਸ ਅਨੁਸਾਰ ਸੂਚਨਾ ਮਿਲਦੇ ਹੀ ਗੁਰਪਿਆਰ ਸਿੰਘ ਦੀ ਲੋਕੇਸ਼ਨ ਟਰੇਸ ਕੀਤੀ ਗਈ ਤੇ ਉਸ ਨੂੰ ਕਾਬੂ ਕਰਨ ਵਾਸਤੇ ਜਦੋਂ ਘੇਰਾਬੰਦੀ ਕੀਤੀ ਤਾਂ, ਗੁਰਪਿਆਰ ਸਿੰਘ ਨੇ ਪੁਲਸ 'ਤੇ ਗੋਲੀਆਂ ਚਲਾ ਦਿੱਤੀਆਂ।ਗੁਰਪਿਆਰ ਸਿੰਘ ਵੱਲੋਂ ਖੋਲ੍ਹੀ ਗਈ ਫਾਈਰਿੰਗ ਦ

15-Jan-2023-page-11-Majha.qxd 1/14/2023 10:56 PM Page 1

ਵਰਦੀਆਂ ਦੀ ਗਰਾਂਟ 'ਚ ਕੋਈ ਹੇਰਾ-ਫੇਰੀ ਹੋਈ ਤਾਂ ਹੋਵੇਗੀ ਸਖਤ ਕਾਰਵਾਈ : ਡੀ ਈ ਓ

ਮਜੀਠਾ (ਮਨਮੋਹਨ ਸਿੰਘ ਢਿੱਲੋਂ)-ਸਰਕਾਰ ਦੇ ਹੁਕਮਾਂ ਨੂੰ ਟਿੱਚ ਸਮਝ ਕੇ ਬੀਪੀਓ ਵੱਲੋਂ ਸਕੂਲਾਂ ਨੂੰ ਵਰਦੀਆਂ ਖਰੀਦ ਕੇ ਦੇਣ ਦਾ ਸਖਤ ਵਿਰੋਧ ਕਰਦੇ ਹੋਏ ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਮਾਨ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ 'ਚ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਦੀਆਂ ਵਰਦੀਆਂ ਦੀ ਗਰਾਂਟ ਜਿਹੜੀ ਦਸੰਬਰ ਮਹੀਨੇ ਵਿੱਚ ਜਾਰੀ ਕੀਤੀ ਗਈ ਸੀ, ਜ਼ਿਲਾ ਸਿੱਖਿਆ ਅਫਸਰ (ਐਲੀ:) ਰਾਜੇਸ਼ ਸ਼ਰਮਾ ਵੱਲੋਂ ਉਕਤ ਗਰਾਂਟ ਨੂੰ ਬਲਾਕ ਦਫਤਰਾਂ ਵਿੱਚ ਭੇਜ ਕੇ ਬਲਾਕ ਸਿੱਖਿਆ ਅਧਿਕਾਰੀਆਂ ਨੂੰ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਅਨੁਸਾਰ ਤੁਰੰਤ ਸਕੂਲਾਂ ਦੇ ਖਾਤਿਆਂ ਵਿੱਚ ਪਾਉਣ ਲਈ ਕਿਹਾ ਸੀ ਤਾਂ ਜੋ ਕੜਾਕੇ ਦੀ ਸਰਦੀ ਵਿੱਚ ਬੱਚਿਆਂ ਨੂੰ ਸਕੂਲਾਂ ਵਿੱਚ ਫੌਰੀ ਵਰਦੀਆਂ ਮਿਲ ਸਕਣ। ਪੰਤੂ ਡੇਢ ਮਹੀਨਾ ਬੀਤਣ ਦੇ ਬਾਵਜੂਦ ਵੀ ਕੁਝ ਬਲਾਕ ਸਿੱਖਿਆ ਅਫਸਰ ਵੱਲੋਂ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਵਾਲੀ ਵਰਦੀਆਂ ਦੀ ਗਰਾਂਟ ਸਕੂਲਾਂ ਦੇ ਖਾਤਿਆਂ 'ਚ ਨਹੀਂ ਪਾਈ ਹੈ। ਗਰਾਂਟ ਸਕੂਲਾਂ ਨਾ ਦੇਣਾ ਦਾਲ ਵਿਚ ਕੁਝ ਕਾਲਾ ਹੀ ਨਹੀਂ ਲੱਗਦਾ ਸਗੋਂ ਸਾਰੀ ਦਾਲ ਹੀ ਕਾਲੀ ਜਾਪਦੀ ਹੈ। ਇਸ ਸਬੰਧੀ ਜਿਲਾ ਸਿੱਖਿਆ ਅਫਸਰ ਰਾਜੇਸ਼ ਸ਼ਰਮਾ ਨਾਲ ਸਪੰਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪ੍ਰੀ-ਪ੍ਰਾਇਮਰੀ ਬੱਚਿਆਂ ਦੀ ਵਰਦੀਆਂ ਵਾਸਤੇ ਮਿਲੀ ਗਰਾਂਟ ਸਾਰੇ ਹੀ ਬਲਾਕ ਸਿੱਖਿਆ ਦਫਤਰਾਂ ਨੂੰ ਭੇਜ ਕੇ ਤੁਰੰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਕਤ ਗਰਾਂਟ ਸਕੂਲਾਂ ਨੂੰ ਜਾਰੀ ਕਰਕੇ ਬੱਚਿਆਂ ਨੂੰ ਵਰਦੀਆਂ ਦੇਣ ਲਈ ਕਿਹਾ ਗਿਆ ਸੀ ਪਰ ਜਿਹੜੇ ਬਲਾਕ ਸਿੱਖਿਆ ਅਫਸਰਾਂ ਨੇ ਸਰਕਾਰ ਦੀਆਂ ਹਦਾਇਤਾਂ ਦੇ ਉਲਟ ਕੰਮ ਕੀਤਾ ਹੈ। ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਕਤ ਮਾਮਲੇ ਸੰਬੰਧੀ ਬੀਪੀਓ ਬਲਾਕ ਵੇਰਕਾ ਨੇ ਸੰਪਰਕ ਕਰਨ 'ਤੇ ਕਿਹਾ ਕਿ ਮੰਗਲਵਾਰ ਤੱਕ ਬੱਚਿਆਂ ਦੀਆਂ ਵਰਦੀਆਂ ਦੇ ਪੈਸੇ ਸਕੂਲ ਖਾਤਿਆਂ ਵਿੱਚ ਪਾ ਦਿੱਤੇ ਜਾਣਗੇ। ਅਧਿਆਪਕਾਂ ਦੇ ਬਕਾਏ ਕਢਵਾਉਣ ਮੌਕੇ ਲਏ ਜਾਂਦੇ 400 ਰੁਪਏ ਦਾ ਵੀ ਸਖਤ ਵਿਰੋਧ ਕਰਦੇ ਹੋਏ ਤੁਰੰਤ ਭਰਿਸ਼ਟਾਚਾਰ ਬੰਦ ਕਰਨ ਦੀ ਮੰਗ ਕੀਤੀ। ਇਸ ਮੌਕੇ ਜਥੇਬੰਦਕ ਆਗੂਆਂ ਨੇ ਚੇਤਾਵਨੀ ਦਿੰਦੇ ਆਖਿਆ ਕਿ ਜੇਕਰ ਸੋਮਵਾਰ ਤਕ ਬਲਾਕ ਅਧਿਕਾਰੀਆਂ ਨੇ ਵਰਦੀਆਂ ਦੇ ਪੈਸੇ ਸਕੂਲਾਂ ਦੇ ਖਾਤਿਆਂ 'ਚ ਨਾ ਪਾਏ ਤਾਂ ਉਨ੍ਹਾਂ ਖਿਲਾਫ ਸਖਤ ਐਕਸ਼ਨ ਲੈਂਦੇ ਹੋਏ ਰੋਸ ਪ੍ਰਦਰਸ਼ਨ ਕਰਕੇ ਪੁਤਲੇ ਫੂਕੇ ਜਾਣਗੇ। ਇਸ ਮੌਕੇ ਸੂਬਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਮਾਨ, ਮੋਹਨਜੀਤ ਸਿੰਘ ਜ਼ਿਲ੍ਹਾ ਪ੍ਰਧਾਨ, ਸੁਰੇਸ਼ ਕੁਮਾਰ ਖੁੱਲਰ, ਜਸਮੀਤ ਸਿੰਘ ਰੌਖੇ, ਜਗਦੀਜ਼ ਮਾਨ, ਸੀਐੱਚਟੀ ਹਰਮਨਦੀਪ ਸਿੰਘ ਛੀਨਾ, ਅਮਰਿੰਦਰ ਸਿੰਘ ਛੀਨਾ, ਹਰਪ੍ਰੀਤ ਸਿੰਘ ਸੋਹੀ, ਰਕੇਸ਼ ਕੁਮਾਰ, ਯਾਦਵਿੰਦਰ ਸਿੰਘ, ਪਵਿੱਤਰ ਸਿੰਘ, ਸੁਖਵਿੰਦਰ ਸਿੰਘ, ਮਨਜੀਤ ਸਿੰਘ, ਬਲਾਵਰ ਸਿੰਘ, ਵਰਿੰਦਰ ਸਿੰਘ ਕਾਦਰਾਬਾਦ ਅਤੇ ਪਵਨਦੀਪ ਸਿੰਘ ਹਾਜ਼ਰ ਸਨ।

ਤਜਵੀਜ਼ਤ ਟੋਲ ਪਲਾਜ਼ਾ ਬੰਦ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ: ਕਿਸਾਨ ਆਗੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪਿੰਡ ਖੈਹਿਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ਾ ਬੰਦ ਕਰਵਾਉਣ ਲਈ ਲਗਾਏ ਧਰਨੇ ਦੇ ਅੱਜ 13ਵੇਂ ਦਿਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਲਖਵਿੰਦਰ ਸਿੰਘ ਮੰਜ਼ਿਆਂਵਾਲੀ ਅਤੇ ਗੁਰਪ੍ਰਤਾਪ ਸਿੰਘ ਭੈਣੀ ਪਸਵਾਲ ਦੀ ਅਗਵਾਈ ਵਿੱਚ ਜਥਾ ਧਰਨੇ 'ਤੇ ਬੈਠਾ। ਅੱਜ ਦੇ ਧਰਨੇ ਵਿੱਚ ਤਰਸੇਮ ਸਿੰਘ ਗੋਹਤ, ਗੁਰਮੁੱਖ ਸਿੰਘ ਖੈਹਿਰਾ, ਨਾਜਰ ਸਿੰਘ, ਅਜੀਤ ਸਿੰਘ, ਸੁਰਜਨ ਸਿੰਘ, ਪ੍ਰਗਟ ਸਿੰਘ, ਗੁਰਪ੍ਰੀਤ ਸਿੰਘ, ਰਘਬੀਰ ਸਿੰਘ, ਗੁਰਮੀਤ ਸਿੰਘ ਬਾਬਾ, ਬਾਬਾ ਬਲਬੀਰ ਸਿੰਘ, ਕੰਵਲਜੀਤ ਸਿੰਘ, ਸੁਖਵਿੰਦਰ ਸਿੰਘ, ਕੁਲਵੰਤ ਸਿੰਘ, ਗੁਰਨਾਮ ਸਿੰਘ, ਸੁਖਵਿੰਦਰ ਸਿੰਘ, ਰਾਮ ਸਿੰਘ, ਹਰਜਿੰਦਰ ਸਿੰਘ, ਦੀਦਾਰ ਸਿੰਘ ਖੈਹਿਰਾ ਕੋਟਲੀ, ਮਹਿੰਦਰ ਸਿੰਘ, ਹਰਜੀਤ ਸਿੰਘ, ਸੁਖਵੰਤ ਸਿੰਘ ਕਾਦੀਆਂ ਵਾਲੇ, ਦਲਜੀਤ ਸਿੰਘ ਸਤਨਾਮ ਸਿੰਘ ਖੈਹਿਰਾ, ਅਵਤਾਰ ਸਿੰਘ, ਕੁਲਦੀਪ ਸਿੰਘ, ਸੁਰਜੀਤ ਸਿੰਘ, ਸਰਮ ਸਿੰਘ ਨੰਗਲੀ, ਰਾਮ ਸਿੰਘ, ਪਲਵਿੰਦਰ ਸਿੰਘ ਸੁਦੜਾ, ਸੁਖਦੇਵ ਸਿੰਘ ਅਤੇ ਸਾਦਿਕ ਸਿੰਘ ਆਦਿ ਸ਼ਾਮਲ ਹੋਏ। ਗੁਰਦੀਪ ਸਿੰਘ ਕਾਮਲਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਜਥੇ ਨੂੰ ਹਾਰ ਪਾ ਕੇ ਪੰਜਾਬ ਕਿਸਾਨ ਯੂਨੀਅਨ ਵੱਲੋਂ ਅਸ਼ਵਨੀ ਕੁਮਾਰ ਲੱਖਣ ਕਲਾਂ, ਗੁਰਦੀਪ ਸਿੰਘ ਕਾਮਲਪੁਰ, ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਪ੍ਰੇਮ ਸਿੰਘ ਸੂਬੇਦਾਰ, ਟਰਾਂਸਪੋਰਟ ਯੂਨੀਅਨ ਕਲਾਨੌਰ ਵੱਲੋਂ ਬਲਵੀਰ ਸਿੰਘ, ਕੁਲ ਹਿੰਦ ਕਿਸਾਨ ਸਭਾ ਵੱਲੋਂ ਅਰਜਿੰਦਰ ਪਾਲ ਸਿੰਘ ਮੌੜ, ਬਲਦੇਵ ਸਿੰਘ ਨੜਾਂਵਾਲੀ, ਕਿਰਤੀ ਕਿਸਾਨ ਯੂਨੀਅਨ ਵੱਲੋਂ ਦਲਜੀਤ ਸਿੰਘ ਤਲਵੰਡੀ, ਜਮਹੂਰੀ ਕਿਸਾਨ ਸਭਾ ਵੱਲੋਂ ਬਲਕਾਰ ਸਿੰਘ ਨੜਾਂਵਾਲੀ ਵੱਲੋਂ ਸਨਮਾਨਿਤ ਕਰਕੇ ਧਰਨ 'ਤੇ ਬਿਠਾਇਆ ਗਿਆ। ਇਸ ਮੌਕੇ ਬੁਲਾਰਿਆਂ ਨੇ ਕਿਹਾ ਇਸ ਟੋਲ ਪਲਾਜ਼ੇ ਦੀ ਤਜਵੀਜ਼ ਨੂੰ ਰੱਦ ਕਰਨ ਤੱਕ ਸੰਘਰਸ਼ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਪ੍ਰਾਈਵੇਟ ਗੰਨਾ ਮਿੱਲ ਮਾਲਕਾਂ ਨਾਲ ਕੀਤੇ ਗਏ ਸਮਝੌਤੇ ਮੁਤਾਬਿਕ ਪੰਜਾਹ ਰੁਪਏ ਪ੍ਰਤੀ ਕੁਇੰਟਲ ਗੰਨੇ ਦੇ ਪੇਮੈਂਟ ਕਿਸਾਨਾਂ ਦੇ ਖਾਤੇ ਵਿੱਚ ਪਾਏ ਜਾਣ। ਗੰਨੇ ਦਾ ਸੀਜ਼ਨ ਚਲਦਿਆਂ ਦੋ ਮਹੀਨੇ ਬੀਤ ਗਏ ਹਨ, ਪਰ ਕਿਸਾਨਾਂ ਦੇ ਖਾਤਿਆਂ ਵਿੱਚ ਪੈਸੇ ਨਹੀਂ ਪਾਏ ਗਏ। ਸਰਕਾਰ ਵਲੋਂ ਪੈਸੇ ਨਾ ਪਾਉਣ ਦੀ ਨਿਖੇਧੀ ਕਰਦਿਆਂ ਆਗੂਆਂ ਨੇ ਮੰਗ ਕੀਤੀ ਕਿ ਫੌਰੀ ਤੌਰ ਤੇ ਕਿਸਾਨਾਂ ਦੇ ਖਾਤਿਆਂ ਵਿੱਚ ਪੈਸੇ ਪਾਏ ਜਾਣ। ਉਨ੍ਹਾਂ ਦੱਸਿਆ ਗੰਨਾ ਮਿੱਲ ਪਨਿਆੜ ਗੁਰਦਾਸਪੁਰ ਵੱਲੋਂ ਸਹੀ ਢੰਗ ਨਾਲ ਗੰਨੇ ਦੀਆਂ ਪਰਚੀਆਂ ਦਾ ਕੈਲੰਡਰ ਨਹੀਂ ਚਲਾਇਆ ਜਾ ਰਿਹਾ ਅਤੇ ਛੋਟੇ ਕਿਸਾਨ ਗੰਨੇ ਦੀਆਂ ਪਰਚੀਆਂ ਨਹੀਂ ਮਿਲ ਰਹੀਆਂ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਇਸ ਲਈ ਕੈਲੰਡਰ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ, ਨਹੀਂ ਤਾਂ ਮਿੱਲ ਅੱਗੇ ਧਰਨਾ ਦਿੱਤਾ ਜਾਵੇਗਾ, ਜਿਸਦੀ ਜ਼ਿੰਮੇਵਾਰੀ ਮਿੱਲ ਅਧਿਕਾਰੀਆਂ ਦੀ ਹੋਵੇਗੀ।

40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਨਿਹੰਗ ਸਿੰਘਾਂ ਵੱਲੋਂ ਮਹੱਲਾ ਅੱਜ

ਅੰਮ੍ਰਿਤਸਰ (ਜਸਬੀਰ ਸਿੰਘ ਪਟੀ)-ਮੁਕਤਸਰ ਜੰਗ ਦੇ ਚਾਲੀ (ਮੁਕਤਿਆਂ) ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕਰਵਰਤੀ ਵਲੋਂ ਚਲੀ ਆਉਂਦੀ ਖਾਲਸਾਈ ਰਵਾਇਤ ਅਨੁਸਾਰ 15 ਜਨਵਰੀ ਨੂੰ ਸਮੂਹ ਨਿਹੰਗ ਸਿੰਘਾਂ ਦਲਾਂ ਦੇ ਸਹਿਯੋਗ ਨਾਲ ਪੁਰਾਤਨ ਖਾਲਸਾਈ ਪਰੰਪਰਾ ਅਨੁਸਾਰ ਗੁਰਦੁਆਰਾ ਬਾਬਾ ਨੈਣਾ ਸਿੰਘ ਜੀ ਛਾਉਣੀ ਬੁੱਢਾ ਦਲ ਨੇੜੇ ਗੁਰਦੁਆਰਾ ਤੰਬੂ ਸਾਹਿਬ ਤੋਂ ਗੁਰੂ ਸਾਹਿਬ ਵਲੋਂ ਬਖਸ਼ਿਸ਼ ਨਿਸ਼ਾਨ ਨਿਗਾਰੇ ਦੀ ਛਤਰ-ਛਾਇਆ ਹੇਠ ਅਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਦੀ ਅਗਵਾਈ ਵਿੱਚ ਖਾਲਸਾਈ ਸਿੱਖੀ ਜਾਹੋ-ਜਲਾਲ ਨਾਲ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਜਾਵੇਗਾ। ਬੁੱਢਾ ਦਲ ਦੀ ਛਾਉਣੀ ਤੋਂ ਜਾਰੀ ਪ੍ਰੈੱਸ ਬਿਆਨ ਵਿੱਚ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਪੁਰਾਤਨ ਸਮਿਆਂ ਤੋਂ ਖਾਲਸਾ ਪੰਥ ਵਲੋਂ ਮਹੱਲਾ ਕੱਢਣ ਦੀ ਰਵਾਇਤ ਚਲੀ ਆ ਰਹੀ ਹੈ। ਨਿਹੰਗ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥ ਦੇ ਅਖੰਡ ਪਾਠਾਂ ਦੇ ਭੋਗ ਉਪਰੰਤ ਮਹੱਲਾ ਕੱਢਦੇ ਹਨ। ਇਹ ਮਹੱਲਾ ਗੁਰਦੁਆਰਾ ਬਾਬਾ ਨੈਣਾ ਸਿੰਘ ਜੀ ਜੋ ਬੁੱਢਾ ਦਲ ਦੇ ਪੰਜਵੇਂ ਜਥੇਦਾਰ ਹੋਏ ਹਨ, ਦੇ ਅਸਥਾਨ ਬੁੱਢਾ ਦਲ ਦੀ ਛਾਉਣੀ ਨੇੜੇ ਗੁਰਦੁਆਰਾ ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ ਤੋਂ ਦਸਮ ਪਾਤਸ਼ਾਹ ਵਲੋਂ ਬੁੱਢਾ ਦਲ ਨੂੰ ਬਖਸ਼ਿਸ਼ ਨਿਸ਼ਾਨ ਨਿਗਾਰਿਆਂ ਦੀ ਛਤਰ-ਛਾਇਆ ਅਤੇ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਹੇਠ ਆਰੰਭ ਹੋਵੇਗਾ ਜਿਸ ਵਿੱਚ ਨਿਹੰਗ ਸਿੰਘ ਆਪਣੇ ਹਾਥੀਆਂ, ਊਠਾਂ, ਘੋੜਿਆਂ ਨੂੰ ਸ਼ਿੰਗਾਰ ਕੇ ਰਵਾਇਤੀ ਸ਼ਸਤਰਾਂ ਨਾਲ ਸਵਾਰੀ ਕਰਨਗੇ। ਮਹੱਲੇ ਵਿੱਚ ਸਭ ਨਿਹੰਗ ਸਿੰਘ ਦਲਾਂ ਦੇ ਮੁਖੀ ਜਥੇਦਾਰ ਸਾਹਿਬਾਨ ਬੇਅੰਤ ਨਿਹੰਗ ਸਿੰਘ ਗੁਰੂ ਦੀਆਂ ਲਾਡਲੀਆਂ ਫੌਜਾਂ ਸ਼ਾਮਲ ਹੋਣਗੀਆਂ ਤੇ ਗੁਰਦੁਆਰਾ ਟਿੱਬੀ ਸਾਹਿਬ ਦੇ ਨਜ਼ਦੀਕ ਮੈਦਾਨ ਵਿੱਚ ਮਹੱਲਾ ਖੇਡਿਆ ਜਾਵੇਗਾ ਜਿਥੇ ਨਿਹੰਗ ਸਿੰਘ ਘੋੜਿਆਂ ਦੀਆਂ ਦੌੜਾਂ ਹੋਣਗੀਆਂ ਤੇ ਗਤਕੇ ਦੇ ਜੌਹਰ ਵਿਖਾਉਣਗੇ।

ਖੂਨੀ ਡੋਰ ਕਾਰਨ ਸਕੂਟੀ ਸਵਾਰ ਜ਼ਖਮੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਦੇ ਝੰਡੇਚੱਕ ਬਾਈਪਾਸ 'ਤੇ ਵੀਰਵਾਰ ਸ਼ਾਮ ਨੂੰ ਇਕ ਸਕੂਟੀ ਸਵਾਰ ਨੌਜਵਾਨ ਪਲਾਸਟਿਕ ਦੇ ਡੋਰ ਦੀ ਲਪੇਟ 'ਚ ਆ ਕੇ ਗੰਭੀਰ ਜ਼ਖਮੀ ਹੋ ਗਿਆ ਜਿਸ ਦੇ ਇੱਕ ਦਰਜਨ ਦੇ ਕਰੀਬ ਚਿਹਰੇ 'ਤੇ ਟਾਂਕੇ ਲੱਗੇ ਹਨ। ਜਾਣਕਾਰੀ ਦਿੰਦਿਆਂ ਐੱਸਡੀਐੱਮ ਦਫਤਰ ਦੀਨਾਨਗਰ ਵਿੱਚ ਬਤੌਰ ਸੁਪਰਡੈਂਟ ਤਾਇਨਾਤ ਨੀਲਮ ਕੁਮਾਰੀ ਨੇ ਦੱਸਿਆ ਕਿ ਉਸਦਾ ਲੜਕਾ ਵਿਕਰਮ ਕੁਮਾਰ ਜੋ ਕਿ ਸ਼ੂਗਰ ਮਿੱਲ ਪਨਿਆੜ ਵਿੱਚ ਕੰਮ ਕਰਦਾ ਹੈ, ਬੀਤੀ ਸ਼ਾਮ ਕੰਮ ਤੋਂ ਘਰ ਵਾਪਸ ਆ ਰਿਹਾ ਸੀ। ਜਦੋਂ ਉਹ ਝੰਡੇਚੱਕ ਬਾਈਪਾਸ ਕੋਲ ਪਹੁੰਚਿਆ ਤਾਂ ਅਚਾਨਕ ਪਲਾਸਟਿਕ ਦੀ ਡੋਰ ਦੀ ਲਪੇਟ ਵਿੱਚ ਆ ਗਿਆ ਜਿਸ ਕਾਰਨ ਉਸ ਦੇ ਨੱਕ, ਕੰਨ ਅਤੇ ਚਿਹਰੇ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਉਸ ਦੇ ਚਿਹਰੇ 'ਤੇ ਦਰਜਨ ਦੇ ਕਰੀਬ ਟਾਂਕੇ ਲੱਗੇ ਹਨ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਖੂਨੀ ਡੋਰ ਦੇ ਨਾਂਅ ਨਾਲ ਵੀ ਜਾਣੀ ਜਾਂਦੀ ਚਾਈਨਾ ਡੋਰ 'ਤੇ ਸਖਤੀ ਨਾਲ ਸ਼ਿਕੰਜਾ ਕੱਸਿਆ ਜਾਵੇ।

ਆਰਥਿਕ ਤੰਗੀਆਂ-ਤੁਰਸ਼ੀਆਂ ਨੇ ਤਿਓਹਾਰਾਂ ਨੂੰ ਲਾਇਆ ਗ੍ਰਹਿਣ: ਡਾ. ਅਜਨਾਲਾ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਅਗੂ ਅਤੇ ਉੱਘੇ ਸਮਾਜਿਕ ਵਿਸ਼ਲੇਸ਼ਣਕਾਰ ਡਾ. ਸਤਨਾਮ ਸਿੰਘ ਅਜਨਾਲਾ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਲੋਹੜੀ ਮਨਾਉਣਾ ਭਾਰਤ ਦਾ ਪੁਰਾਤਨ ਤਿਉਹਾਰ ਸਾਰੇ ਭਾਰਤ ਵਿੱਚ ਹੀ ਵੱਖਰੇ-ਵੱਖਰੇ ਨਾਵਾਂ ਨਾਲ ਮਨਾਇਆ ਜਾਂਦਾ ਹੈ ਪ੍ਰੰਤੂ ਉੱਤਰੀ ਭਾਰਤ ਵਿੱਚ ਸਦੀਆਂ ਤੋਂ ਇਕ ਦੂਜੇ ਦੇ ਘਰ ਝੁੰਡਾਂ ਦੇ ਰੂਪ ਵਿੱਚ ਮੁੰਡੇ ਤੇ ਕੁੜੀਆਂ ਜਾ ਕੇ ਲੋਹੜੀ ਮੰਗਦੇ ਰਹੇ ਹਨ ਪਰ ਪਿਛਲੇ ਸਮਿਆਂ ਤੋਂ ਅੰਤਾਂ ਦੀ ਬੇਰੁਜ਼ਗਾਰੀ, ਅਸਮਾਨੀ ਚੜ੍ਹੀ ਮਹਿੰਗਾਈ ਤੇ ਸਮਾਜ ਨੂੰ ਜਾਤਾਂ-ਪਾਤਾਂ ਤੇ ਫਿਰਕਿਆਂ ਵਿੱਚ ਵੰਡਣ ਵਾਲੀ ਕੇਂਦਰ ਤੇ ਸੂਬਾਈ ਸਰਕਾਰਾਂ ਦੀ ਸੌੜੀ ਰਾਜਨੀਤੀ ਕਾਰਨ ਇਹ ਤਿਉਹਾਰ ਇਕ ਰਸਮ ਜਿਹੀ ਬਣ ਕੇ ਰਹਿ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਅਮੀਰ ਵਿਰਸੇ ਨੂੰ ਦਰਸਾਉਂਦੇ ਇਹ ਤਿਉਹਾਰ ਹੁਣ ਸਰਕਾਰਾਂ ਦੀਆਂ ਗਲਤ ਨੀਤੀਆਂ ਦੇ ਚਲਦਿਆਂ ਲੋਕਾਂ ਦੀ ਆਰਥਿਕਤਾ ਤੰਗ ਹੋਣ ਕਾਰਨ ਹੌਲੀ-ਹੌਲੀ ਅਲੋਪ ਹੋ ਰਹੇ ਹਨ ਜਿਨ੍ਹਾਂ ਨੂੰ ਮੁੜ ਦੁਬਾਰਾ ਇਹੋ ਜਿਹੇ ਤਿਉਹਾਰਾਂ ਨੂੰ ਮਨਾਉਣ ਤੇ ਘਰਾਂ ਵਿੱਚ ਸਦੀਵੀ ਖੁਸ਼ੀਆਂ ਤੇ ਖ਼ੁਸ਼ਹਾਲੀ ਲਿਆਉਣ ਲਈ ਲੋਕ ਪੱਖੀ ਸਮਾਜਿਕ ਪਰਿਵਰਤਨ ਲਿਆਉਣ ਲਈ ਦਿੱਲੀ ਮੋਰਚੇ ਦੀ ਤਰ੍ਹਾਂ ਇਕੱਠੇ ਹੋ ਕੇ ਬੱਝਵੇਂ ਤੇ ਲੰਬੇ ਸੰਘਰਸ਼ ਵਿੱਢਣ ਦੀ ਅਤਿਅੰਤ ਲੋੜ ਹੈ ਤਾਂ ਜੋ ਸਾਰੇ ਨੌਜਵਾਨਾਂ ਨੂੰ ਸਨਮਾਨ ਯੋਗ ਸਰਕਾਰੀ ਰੁਜ਼ਗਾਰ ਮਿਲੇ ਅਤੇ ਮਹਿੰਗਾਈ ਭ੍ਰਿਸ਼ਟਾਚਾਰ ਤੇ ਫਿਰਕਾਪ੍ਰਸਤੀ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

ਯੂ ਪੀ ਐੱਸ ਸੀ ਦੀ ਆਨਲਾਈਨ ਮੁਫਤ ਪੜ੍ਹਾਈ ਸ਼ੁਰੂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਭਾਈ ਮਤੀ ਦਾਸ ਜੀ ਚੈਰੀਟੇਬਲ ਟਰੱਸਟ ਯਮਨਾ ਪਾਰ ਦਿੱਲੀ ਵਿਖੇ ਭਾਈ ਗੁਰਇਕਬਾਲ ਸਿੰਘ ਵੱਲੋਂ ਯੂਪੀਐੱਸਸੀ ਦੀ ਤਿਆਰੀ ਲਈ ਫ੍ਰੀ ਆਨਲਾਈਨ ਫ੍ਰੀ ਕਲਾਸਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਨੇ ਦੱਸਿਆ ਕਿ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅਧੀਨ ਦਿੱਲੀ ਯਮਨਾ ਪਾਰ ਵਿਖੇ ਚੱਲ ਰਹੇ ਭਾਈ ਮਤੀ ਦਾਸ ਜੀ ਚੈਰੀਟੇਬਲ ਟਰੱਸਟ ਵੱਲੋਂ ਵਡੀਆਂ ਪੜ੍ਹ

15-JAN- PAGE 12.qxd 1/14/2023 10:57 PM Page 1

ਆਪ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਵਿਸ਼ੇਸ਼ ਮੁਲਾਕਾਤ

ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉੱਕਾਰ ਸਿੰਘ) :ਵਿਧਾਨ ਸਭਾ ਹਲਕਾ ਉੜਮੁੜ ਟਾਂਡਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਗਿਲ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਵਿਸੇਸ ਤੌਰ ਤੇ ਮੁਲਾਕਾਤ ਕਰਦੇ ਹੋਏ ਹਲਕਾ ਉੜਮੁੜ ਟਾਂਡਾ ਦੇ ਸਮੁੱਚੇ ਵਿਕਾਸ ਕਾਰਜਾਂ ਲਈ ਵਿਚਾਰ ਵਟਾਂਦਰਾ ਕੀਤਾ।

ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੂੰ ਲੋਹੜੀ ਅਤੇ ਮਾਘੀ ਦੀਆਂ ਮੁਬਾਰਕਾਂ ਦੇਣ ਦੇ ਨਾਲ-ਨਾਲ ਹਲਕਾ ਉੜਮੁੜ ਟਾਂਡਾ ਦੀ ਬਿਹਤਰੀ ਵਾਸਤੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ। ਮੁਲਾਕਾਤ ਦੌਰਾਨ ਵਿਧਾਇਕ ਰਾਜਾ ਨੇ ਮੁੱਖ ਮੰਤਰੀ ਪੰਜਾਬ ਦੀ ਅਗਵਾਈ 'ਚ 26 ਜਨਵਰੀ ਗਣਤੰਤਰ ਦਿਵਸ ਮੌਕੇ ਖੋਲ੍ਹੇ ਜਾ ਰਹੇ 4 ਹੋਰ ਮੁਹੱਲਾ ਕਲੀਨਿਕ ਦੀ ਪ੍ਰਵਾਨਗੀ ਲਈ ਧੰਨਵਾਦ ਕੀਤਾ। ਇਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਵਿਧਾਇਕ ਰਾਜਾ ਨੂੰ ਵਿਸ਼ਵਾਸ ਦੁਆਇਆ ਕਿ ਸਮੁੱਚੇ ਪੰਜਾਬ ਦੇ ਨਾਲ-ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਮੁੱਖ ਹਲਕਾ ਉੜਮੁੜ ਟਾਂਡਾ ਨੂੰ ਹਰ ਪੱਖੋਂ ਸਹੂਲਤ ਸੰਪੰਨ ਬਣਾਉਣ ਵਾਸਤੇ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਜ਼ਿੰਮੇਵਾਰੀ ਨਾਲ ਕੰਮ ਕੀਤਾ ਜਾਵੇਗਾ। ਇਸ ਤੋਂ ਇਲਾਵਾ ਅਤੇ ਗੁਰੂਆਂ ਪੀਰਾਂ, ਸੰਤਾਂ ਮਹਾਂਪੁਰਸ਼ਾਂ ਦੀ ਪਵਿੱਤਰ ਧਰਤੀ ਪੰਜਾਬ ਨਾਲ ਸੰਬੰਧਤ ਪ੍ਰਮੁੱਖ ਮੁੱਦੇ ਜਿਵੇਂ ਬੇਰੋਜ਼ਗਾਰੀ, ਭ੍ਰਿਸ਼ਟਾਚਾਰੀ, ਨਸ਼ਾਖੋਰੀ 'ਤੇ ਵਿਸ਼ੇਸ਼ ਤੌਰ 'ਤੇ ਧਿਆਨ ਕੇਂਦਰਤ ਕਰਦੇ ਹੋਏ ਮਾਸਟਰ ਪਲਾਨ ਤਹਿਤ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾ ਇਸ ਮੌਕੇ ਹੋਰ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਜਿਸ ਆਸ ਉਮੀਦ ਦੇ ਨਾਲ ਲੋਕਾਂ ਨੇ ਉਨ੍ਹਾ ਨੂੰ ਪੰਜਾਬ ਵਿੱਚ ਸੇਵਾ ਦਾ ਮੌਕਾ ਦਿੱਤਾ ਹੈ ਉਸ 'ਤੇ ਪੂਰੀ ਤਰ੍ਹਾਂ ਖਰਾ ਉਤਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਸਮੁੱਚੇ ਪੰਜਾਬ ਵਾਸੀਆਂ ਨੂੰ ਲੋਹੜੀ ਅਤੇ ਮਾਘੀ ਦੇ ਤਿਉਹਾਰ ਦੀਆਂ ਮੁਬਾਰਕਾਂ ਦਿੰਦੇ ਹੋਏ ਸਭਨਾਂ ਲਈ ਸੁੱਖ ਸ਼ਾਂਤੀ ਦੀ ਕਾਮਨਾ ਕੀਤੀ। ਇਸ ਮੌਕੇ ਆਪ ਦੇ ਬਲਾਕ ਪ੍ਰਧਾਨ ਟਾਂਡਾ ਕੇਸਵ ਸਿੰਘ ਸੈਣੀ, ਸ਼ਹਿਰੀ ਪ੍ਰਧਾਨ ਨੰਬਰਦਾਰ ਜਗਜੀਵਨ ਜਗੀ, ਯੂਥ ਆਗੂ ਅਤਵਾਰ ਸਿੰਘ ਪਲਾਚਕ, ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ, ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ, ਯੂਥ ਆਗੂ ਪ੍ਰੇਮ ਪਡਵਾਲ ਆਦਿ ਵੀ ਮੌਜੂਦ ਸਨ।

ਕਾਰਤਿਕ ਆਰੀਅਨ ਤੇ ਕ੍ਰਿਤੀ ਸੈਨਨ ਨੇ ਐੱਲ.ਪੀ.ਯੂ ਕੈਂਪਸ 'ਚ ਲੋਹੜੀ ਦਾ ਤਿਉਹਾਰ ਮਨਾਇਆ

ਜਲੰਧਰ (ਸੈਲੀ ਐਲਬਰਟ)- : ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਆਪਣੇ ਕੈਂਪਸ ਵਿੱਚ ਲੋਹੜੀ ਦਾ ਤਿਉਹਾਰ ਸ਼ਾਨਦਾਰ ਤਰੀਕੇ ਨਾਲ ਮਨਾਇਆ। ਮਸ਼ਹੂਰ ਬਾਲੀਵੁੱਡ ਸਿਤਾਰੇ ਕਾਰਤਿਕ ਆਰੀਅਨ ਅਤੇ ਕ੍ਰਿਤੀ ਸੈਨਨ ਹਜ਼ਾਰਾਂ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨਾਲ ਤਿਉਹਾਰ ਮਨਾਉਣ ਲਈ ਐਲ.ਪੀ.ਯੂ ਕੈਂਪਸ ਪਹੁੰਚੇ। । ਜਸ਼ਨਾਂ ਦੌਰਾਨ, ਕਾਰਤਿਕ ਅਤੇ ਕ੍ਰਿਤੀ ਨੇ ਆਪਣੇ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਦੋਵੇਂ ਸਿਤਾਰੇ ਲੋਹੜੀ ਦੇ ਗੀਤਾਂ, ਢੋਲ ਦੀ ਧੜਕਣ ਅਤੇ ਆਪਣੀ ਆਉਣ ਵਾਲੀ ਫਿਲਮ ਸ਼ਹਿਜ਼ਾਦਾ ਦੇ ਪਸੰਦੀਦਾ ਨੰਬਰਾਂ ਦਾ ਆਨੰਦ ਲੈਂਦੇ ਅਤੇ ਪ੍ਰਦਰਸ਼ਨ ਕਰਦੇ ਹੋਏ ਦਿਖਾਈ ਦਿੱਤੇ। । ਐਲ.ਪੀ.ਯੂ ਦੇ ਵਿਦਿਆਰਥੀਆਂ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ, ਦੋਵਾਂ ਸਿਤਾਰਿਆਂ ਨੇ ਐਲਪੀਯੂ ਦੇ ਅਧਿਐਨ ਵਾਤਾਵਰਣ ਅਤੇ ਬੁਨਿਆਦੀ ਢਾਂਚੇ ਦੀ ਸ਼ਲਾਘਾ ਕੀਤੀ। ਉਹ ਯੂਨੀਵਰਸਿਟੀ ਦੇ ਬਹੁ-ਸੱਭਿਆਚਾਰਕ ਮਾਹੌਲ ਨੂੰ ਦੇਖ ਕੇ ਵੀ ਬਹੁਤ ਖੁਸ਼ ਨਜ਼ਰ ਆਏ ਅਤੇ ਵਿਦਿਆਰਥੀਆਂ ਨੂੰ ਹਮੇਸ਼ਾ ਆਪਣੀ ਪ੍ਰਤਿਭਾ ਤੇ ਧਿਆਨ ਕੇਂਦਰਿਤ ਕਰਨ ਅਤੇ ਕਾਮਯਾਬ ਹੋਣ ਲਈ ਚੁਣੌਤੀਆਂ ਨੂੰ ਡਟ ਕੇ ਸਵੀਕਾਰ ਕਰਨ ਦਾ ਸੁਝਾਅ ਦਿੱਤਾ। ਦੋਵੇਂ ਸਿਤਾਰੇ ਟੀ-ਸੀਰੀਜ਼ ਦੇ ਬੈਨਰ ਹੇਠ ਬਣੀ ਨਵੀਂ ਫਿਲਮ ਸ਼ਹਿਜ਼ਾਦਾ ਚ ਇਕੱਠੇ ਨਜ਼ਰ ਆਉਣਗੇ। ਇਸ ਫਿਲਮ ਤੋਂ ਪਹਿਲਾਂ ਦੋਵਾਂ ਨੇ 'ਲੁਕਾ ਛੁਪੀ' ਵਿੱਚ ਵੀ ਕੰਮ ਕੀਤਾ ਸੀ । ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਦੁਆਰਾ ਐਲਪੀਯੂ ਵਿੱਚ ਸਿਤਾਰਿਆਂ ਦਾ ਸਵਾਗਤ ਕੀਤਾ ਗਿਆ। ਡਾ: ਮਿੱਤਲ ਨੇ ਉਨ੍ਹਾਂ ਨੂੰ ਫੈਸਟੀਵਲ ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਫਿਲਮਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ । ਡਾ: ਮਿੱਤਲ ਦੇ ਨਾਲ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ, ਐਲਪੀਯੂ ਦੇ ਵਾਈਸ-ਚਾਂਸਲਰ ਡਾ: ਪ੍ਰੀਤੀ ਬਜਾਜ, ਐਲਪੀਯੂ ਦੇ ਉਪ ਪ੍ਰਧਾਨ ਡਾ: ਅਮਨ ਮਿੱਤਲ, ਵਿਦਿਆਰਥੀ ਭਲਾਈ ਦੇ ਸੀਨੀਅਰ ਡੀਨ ਡਵੀਜ਼ਨ ਡਾ: ਸੋਰਭ ਲਖਨਪਾਲ ਅਤੇ ਹੋਰ ਪਤਵੰਤੇ ਮੌਜੂਦ ਸਨ । ਇਸ ਮੌਕੇ ਸਕੂਲ ਆਫ ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆਂ ਵੱਲੋਂ ਸਾਰਿਆਂ ਲਈ ਮੂੰਗਫਲੀ, ਗੱਚਕ, ਮਠਿਆਈਆਂ ਅਤੇ ਹਾਈ ਟੀ ਦਾ ਪ੍ਰਬੰਧ ਕੀਤਾ ਗਿਆ ਸੀ । ਐਲ.ਪੀ.ਯੂ ਦੇ ਮਾਨਵ ਸੰਸਾਧਨ ਵਿਭਾਗ ਨੇ ਫੈਸਟ ਨੂੰ ਯਾਦਗਾਰੀ ਬਣਾਉਣ ਲਈ ਸਟਾਫ ਅਤੇ ਵਿਦਿਆਰਥੀਆਂ ਵਿਚਕਾਰ ਪਤੰਗ ਉਡਾਉਣ ਦੇ ਮੁਕਾਬਲੇ ਦਾ ਆਯੋਜਨ ਕੀਤਾ। ਭਾਰਤ ਵਿੱਚ ਪਹਿਲੇ ਡਾਂਸ ਕਰਨ ਵਾਲੇ ਡੀਜੇ, ਡੀਜੇ ਰਾਹਿਲ ਮਹਿਤਾ ਨੇ 2 ਘੰਟੇ ਤੱਕ ਸਭ ਨੂੰ ਮੋਹਿਤ ਕਰਨ ਲਈ ਕਈ ਧੁਨਾਂ ਵਜਾਈਆਂ। ਕੋਕ ਇੰਡੀਆ (ਲੁਧਿਆਣਾ) ਨੇ ਕੈਂਪਸ ਵਿੱਚ ਤਿਉਹਾਰ ਮਨਾਉਣ ਲਈ ਇੱਕ ਈਵੈਂਟ ਵੀ ਆਯੋਜਿਤ ਕੀਤਾ ਅਤੇ ਆਪਣੇ ਉਤਪਾਦਾਂ ਨੂੰ ਹਜ਼ਾਰਾਂ ਦਰਸ਼ਕਾਂ 'ਚ ਮੁਫਤ ਵੰਡਿਆ।।

ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਜ਼ਮੀਨ, ਕਰਜ਼ਾ, ਦਿਹਾੜੀ ਆਦਿ ਮੁੱਦਿਆਂ ਨੂੰ ਲੈ ਕੇ ਕੀਤੀ ਗਈ ਮੀਟਿੰਗ

ਕਰਤਾਰਪੁਰ (ਹਰਮੇਸ ਦੱਤ) ਸਾਂਝੇ ਮੋਰਚੇ ਦੇ ਸੱਦੇ ਤਹਿਤ ਪੇਂਡੂ ਮਜਦੂਰ ਯੂਨੀਅਨ ਪੰਜਾਬ ਭਰ ਵਿੱਚ 300 ਤੋਂ ਵੱਧ ਪਿੰਡਾਂ ਵਿੱਚ ਰੈਲੀਆਂ ਕਰਕੇ ਪਿੰਡ ਪੱਧਰ ਉੱਤੇ ਘੋਲ ਲਾਮਬੰਦ ਕਰੇਗੀ। ਯੂਨੀਅਨ ਦੇ ਸੂਬਾ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਯੂਥ ਵਿੰਗ ਦੇ ਗੁਰਪ੍ਰੀਤ ਸਿੰਘ ਚੀਦਾ ਦੀ ਪ੍ਰਧਾਨਗੀ ਹੇਠ ਪਿੰਡ ਕੁੱਦੋਵਾਲ ਵਿੱਖੇ ਮੀਟਿੰਗ ਕੀਤੀ ਗਈ। ਜਿਸ ਵਿੱਚ ਵੱਡੀ ਗਿਣਤੀ 'ਚ ਮਜਦੂਰਾਂ ਨੇ ਸ਼ਮੂਲੀਅਤ ਕੀਤੀ। ਘੁੱਗਸ਼ੋਰ ਅਤੇ ਚੀਦਾ ਨੇ ਮੀਟਿੰਗ ਦੌਰਾਨ ਸਬੋਧਨ ਕਰਦਿਆਂ ਕਿਹਾ ਕਿ ਲੈਂਡ ਸੀਲਿੰਗ ਤੋਂ ਵਾਧੂ ਜਮੀਨਾਂ ਬੇਜਮੀਨੇ ਮਜਦੂਰਾਂ ਤੇ ਕਿਸਾਨਾਂ ਵਿੱਚ ਵੰਡਣ,ਨਜੂਲ ਲੈਂਡ ਜਮੀਨ ਦਲਿਤਾਂ ਨੂੰ ਹੱਕ ਦੇਣ,ਜਗਲਾਤ ਦੀ ਜਮੀਨ ਦੇ ਹੱਕ ਦੇਣ,ਪੰਚਾਇਤੀ ਜਮੀਨਾਂ ਚੋਂ ਦਲਿਤਾਂ ਨੂੰ ਤੀਜੇ ਹਿੱਸੇ ਦਾ ਹੱਕ ਦੇਣ, ਸਰਕਾਰੀ, ਸਹਿਕਾਰੀ ਅਤੇ ਗੈਰ ਸਰਕਾਰੀ ਕਰਜੇ ਮੁਆਫ ਕਰਨ, ਮਜਦੂਰਾਂ ਨੂੰ ਖੁਸ਼ੀ ਗਮੀ ਵੇਲੇ ਬਿਨਾਂ ਵਿਆਜ ਕਰਜੇ ਦੇਣ ਦਾ ਪ੍ਰਬੰਧ ਕਰਨ, ਸਹਿਕਾਰੀ ਸਭਾਵਾਂ ਵਿੱਚ ਦਲਿਤ ਮਜਦੂਰਾਂ ਨੂੰ ਮੈਂਬਰਸ਼ਿਪ ਦੇ ਕੇ ਬਣਦੀਆਂ ਸਹੂਲਤਾਂ ਦੇਣ ਅਤੇ ਪਰਿਵਾਰ ਦੇ ਸਾਰੇ ਬਾਲਗ ਮੈਂਬਰਾਂ ਨੂੰ ਲਗਾਤਾਰ ਰੁਜਗਾਰ ਦੇਣ, ਮਗਨਰੇਗਾ ਸਮੇਤ ਪੇਂਡੂ ਤੇ ਖੇਤ ਮਜਦੂਰਾਂ ਨੂੰ ਦਿਹਾੜੀ ਚ ਵਾਧਾ ਕਰਕੇ 700 ਰੂਪੇ ਕਰਨ ਅਤੇ ਲੋੜਵੰਦਾਂ ਨੂੰ ਰਿਹਾਇਸੀ ਪਲਾਟ ਦੇਣ ਤੇ ਲਾਲ ਲਕੀਰ ਦੇ ਮਾਲਕੀ ਹੱਕ ਦੇਣ ਅਤੇ ਜਾਤਪਾਤੀ ਸਮਾਜਿਕ ਜਬਰ ਬੰਦ ਕੀਤਾ ਜਾਵੇ ਵਰਗੇ ਮੁੱਦਿਆਂ ਨੂੰ ਲੈ ਕੇ ਅੱਜ ਤੋਂ ਹੀ ਪੰਜਾਬ ਭਰ ਵਿੱਚ 30 ਜਨਵਰੀ ਤੱਕ ਪਿੰਡਾਂ ਵਿੱਚ ਭਰਵੀਆਂ ਰੈਲੀਆਂ ਕਰਕੇ ਘੋਲ ਚਲਾਇਆ ਜਾਵੇਗਾ ਅਤੇ 20 ਫਰਵਰੀ ਨੂੰ ਸਬ ਡਵੀਜਨ/ਤਹਿਸੀਲ ਕੇਂਦਰਾਂ ਉੱਪਰ ਵੱਡੇ ਪ੍ਰਦਰਸ਼ਨ ਕੀਤੇ ਜਾਣਗੇ ਅਤੇ ਮਾਰਚ ਮਹੀਨੇ ਵਿੱਚ ਸੂਬਾ ਪੱਧਰੀ ਸਾਂਝਾ ਸਖਤ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਯੂਨੀਅਨ ਨੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਰਣ ਸਿੰਘ ਵਾਲਾ ਵਿਖੇ ਦਲਿਤ ਔਰਤਾਂ ਨਾਲ ਵਧੀਕੀ ਕਰਨ ਵਾਲਿਆਂ ਖਿਲਾਫ ਐੱਸ ਸੀ,ਐੱਸ ਟੀ ਐਕਟ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਕੀਤੀ ਜਾਵੇ ਦੀ ਮੰਗ ਵੀ ਕੀਤੀ ਅਤੇ ਮੰਗ ਨਾ ਮੰਨੀ ਗਈ ਇਸਦੇ ਖਿਲਾਫ ਵੀ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਯੂਨੀਅਨ ਵਲੋਂ ਮੀਟਿੰਗ ਵਿੱਚ 16 ਜਨਵਰੀ ਨੂੰ ਲਤੀਫਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਦੀ ਅਗਵਾਈ ਹੇਠ ਜਲੰਧਰ ਸਥਿਤ ਧੰਨੋ ਵਾਲੀ ਨੇੜੇ ਕੀਤੇ ਜਾ ਰਹੇ ਹਾਈਵੇ ਤੇ ਰੇਲਵੇ ਜਾਮ ਵਿੱਚ ਸ਼ਮੂਲੀਅਤ ਕਰਨ ਅਤੇ ਜਿਹਨਾਂ ਚਿਰ ਲਤੀਫ ਪੁਰਾ ਦੇ ਲੋਕਾਂ ਨੂੰ ਮੁੜ ਉਸ ਜਗ੍ਹਾ ਨਹੀਂ ਵਸਾਇਆ ਜਾਂਦਾ,ਪੀੜਤ ਲੋਕਾਂ ਦੇ ਕੀਤੇ ਗਏ ਨੁਕਸਾਨ ਦਾ ਮੁਆਵਜਾ ਦੇਣ ਅਤੇ ਗਾਲੀ ਗਲੋਚ ਕਰਨ ਵਾਲੇ ਡੀਸੀਪੀ ਤੇਜਾ ਖਿਲਾਫ ਕਾਰਵਾਈ ਨਹੀਂ ਕੀਤੀ ਜਾਂਦੀ, ਉਹਨਾਂ ਚਿਰ ਸਾਂਝਾ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਵੀ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਬਦਲਾਅ ਵਾਲੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੀ ਪਹਿਲੀਆਂ ਸਰਕਾਰਾਂ ਤੋਂ ਘੱਟ ਨਹੀਂ, ਵਾਅਦਾ ਬਦਲਾਅ ਦਾ ਤੇ ਕੰਮ ਉਜਾੜੇ ਦਾ। ਚਾਹੇ ਉਹ ਜਲੰਧਰ ਦਾ ਲਤੀਫਪੁਰਾ ਹੋਵੇ ਜਾਂ ਫਿਰ ਸਰਾਭ ਫੈਕਟਰੀ ਜੀਰਾ। ਉਨ੍ਹਾਂ ਕਿਹਾ ਕਿ ਮਾਸਟਰ ਦਾ ਮੁੰਡਾ ਤੇ ਸਧਾਰਨ ਘਰ ਤੋਂ ਕਹੇ ਜਾਣ ਵਾਲੇ ਭਗਵੰਤ ਸਿੰਘ ਮਾਨ ਮੋਦੀ ਅਤੇ ਅਮਰਿੰਦਰ ਸਿੰਘ ਵਾਂਗ ਰਾਜੇ ਮਹਾਰਾਜੇ ਵਾਲੀਆਂ ਫੀਲਿੰਗਾਂ ਲੈ ਰਹੇ ਹਨ। ਪੰਜਾਬ ਵਾਸੀਆਂ ਅਤੇ ਪੰਜਾਬ ਦੇ ਹਰ ਮਸਲੇ ਉੱਪਰ ਮੁੱਖ ਮੰਤਰੀ ਦੀ ਵੱਟੀ ਚੁੱਪੀ ਇਹੀ ਇਸ਼ਾਰਾ ਕਰ ਰਹੀ ਹੈ। ਅਜਿਹੀ ਸਥਿਤੀ ਵਿੱਚ ਲੋਕਾਂ ਪਾਸ ਸੰਘਰਸ਼ ਕਰਨ ਤੋਂ ਬਿਨ੍ਹਾਂ ਕੋਈ ਚਾਰਾ ਨਹੀਂ। ਇਸ ਮੌਕੇ ਉਨ੍ਹਾਂ ਜਥੇਬੰਦੀ ਦੀਆਂ ਸਮੂਹ ਸਫਾ ਨੂੰ 20 ਜਨਵਰੀ ਤੱਕ ਵਿਸਥਾਰੀ ਮੀਟਿਗਾਂ ਕਰਦੇ ਹੋਏ ਉਪਰੋਕਤ ਐਕਸ਼ਨਾਂ ਨੂੰ ਲਾਗੂ ਕਰਨ ਲਈ ਹੁਣ ਤੋਂ ਹੀ ਕਮਰ ਕੱਸੇ ਕੱਸ ਲੈਣ ਦਾ ਹੋਕਾ ਵੀ ਦਿੱਤਾ।

ਅਮਨ ਅਰੋੜਾ ਨੇ ਪ੍ਰਿੰਟਿੰਗ ਤੇ ਸਟੇਸ਼ਨਰੀ ਮੰਤਰੀ ਵਜੋਂ ਅਹੁਦਾ ਸੰਭਾਲਿਆ

ਚੰਡੀਗੜ੍ਹ, (ਗੁਰਜੀਤ ਬਿੱਲਾ) : ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਅੱਜ ਪ੍ਰਿੰਟਿੰਗ ਅਤੇ ਸਟੇਸ਼ਨਰੀ ਮੰਤਰੀ ਵਜੋਂ ਵੀ ਅਹੁਦਾ ਸੰਭਾਲ ਲਿਆ। ਜ਼ਿਕਰਯੋਗ ਹੈ ਕਿ ਪੰਜਾਬ ਮੰਤਰੀ ਮੰਡਲ ਵਿੱਚ ਹਾਲ ਹੀ ਵਿੱਚ ਹੋਏ ਵਿਭਾਗਾਂ ਦੇ ਫੇਰਬਦਲ ਦੌਰਾਨ ਇਹ ਵਿਭਾਗ ਅਮਨ ਅਰੋੜਾ ਨੂੰ ਅਲਾਟ ਕੀਤਾ ਗਿਆ ਸੀ। ਅਹੁਦਾ ਸੰਭਾਲਣ ਉਪਰੰਤ ਅਮਨ ਅਰੋੜਾ ਨੇ ਪ੍ਰਿੰਟਿੰਗ ਵਿਭਾਗ ਦੇ ਪ੍ਰਮੁੱਖ ਸਕੱਤਰ ਵੀ.ਕੇ. ਮੀਨਾ, ਕੰਟਰੋਲਰ ਪੁਨੀਤ ਗੋਇਲ ਅਤੇ ਵਿਭਾਗ ਦੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲਿਆ। ਨਵੀਨਤਮ ਤਕਨਾਲੋਜੀ ਅਪਣਾਉਂਦਿਆਂ ਅਮਨ ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸੂਬਾ ਸਰਕਾਰ ਦੇ ਪ੍ਰਿੰਟਿੰਗ ਸਟੇਸ਼ਨਰੀ ਦੇ ਸਾਰੇ ਕੰਮ ਵਿਭਾਗ ਵੱਲੋਂ ਹੀ ਕੀਤੇ ਜਾਣ। ਇੱਕ ਹੋਰ ਵਿਭਾਗ ਦੀ ਜ਼ਿੰਮੇਵਾਰੀ ਸੌਂਪਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ ਭਰੋਸਾ ਦਿੱਤਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ ਤਾਂ ਜੋ ਲੋਕਾਂ ਨੂੰ ਸਮਾਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ।

ਇਸਤਰੀ ਜਾਗ੍ਰਿਤੀ ਮੰਚ ਵੱਲੋਂ ਥਾਣੇ ਅੱਗੇ ਧਰਨਾ ਪ੍ਰਦਰਸ਼ਨ ਕਰਨ ਦਾ ਐਲਾਨ

ਜਲੰਧਰ: (ਕੇਸਰ)—ਇਸਤਰੀ ਜਾਗ੍ਰਿਤੀ ਮੰਚ ਵਲੋਂ 20 ਜਨਵਰੀ ਨੂੰ ਥਾਣਾ ਸਦਰ ਜਮਸ਼ੇਰ ਅੱਗੇ ਧਰਨਾ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਮੰਚ ਦੀ ਜ਼ਿਲ੍ਹਾ ਪ੍ਰਧਾਨ ਅਨੀਤਾ ਸੰਧੂ ਅਤੇ ਜ਼ਿਲ੍ਹਾ ਸਕੱਤਰ ਜਸਵੀਰ ਕੌਰ ਜੱਸੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਸਮਰਾਏ ਦੀ ਨੌਜਵਾਨ ਫੁੱਟਬਾਲ ਕੋਚ 26 ਸਾਲਾ ਹਰਦੀਪ ਕੌਰ ਪੁੱਤਰੀ ਜੋਗਿੰਦਰ ਸਿੰਘ ਵਲੋਂ ਜੰਡਿਆਲਾ ਮੰਜਕੀ ਦੇ ਵਸਨੀਕ ਅਰੁਨਦੀਪ ਸਿੰਘ ਉਰਫ਼ ਘੁੱਗੇ ਆਦਿ ਤੋਂ ਦੁਖੀ ਹੋ ਕੇ 27-28 ਸਤੰਬਰ 2022 ਦੀ ਦਰਮਿਆਨੀ ਰਾਤ ਨੂੰ ਖੁਦਕਸ਼ੀ ਕਰ ਲਈ ਗਈ।

ਥਾਣਾ ਸਦਰ ਜਮਸ਼ੇਰ ਵਿਖੇ ਕਸੂਰਵਾਰਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ। ਇਸ ਮਾਮਲੇ ਵਿੱਚ ਅਰੁਨਦੀਪ ਸਿੰਘ ਉਰਫ਼ ਘੁੱਗੇ ਵਲੋਂ ਹਾਈਕੋਰਟ ਵਿੱਚ ਬਾਹਰੋਂ ਬਾਹਰ ਜ਼ਮਾਨਤ ਅਰਜ਼ੀ ਲਗਾਈ ਗਈ ਤਾਂ ਪੁਲਸ ਵਲੋਂ ਸਫਾ ਮਿਸਲ ਉੱਪਰ ਸਹੀ ਢੰਗ ਨਾਲ ਅਰੁਨਦੀਪ ਸਿੰਘ ਉਰਫ਼ ਘੁੱਗੇ ਦਾ ਨਾਂਅ ਨਾ ਲਿਆਉਣ ਕਾਰਨ ਅਦਾਲਤ ਨੇ ਜ਼ਮਾਨਤ ਦਾ ਹੁਕਮ ਦੇ ਦਿੱਤਾ ਗਿਆ। ਇਸ ਕੇਸ ਵਿੱਚ ਨਾਮਜ਼

15-Jan-Sunday.qxd 1/14/2023 10:23 PM Page 3

ਪ੍ਰਤੀਨਿਧ ਪੰਜਾਬੀ ਕਵਿਤਾਵਾਂ

ਹੇ ਗੁਰੂ ਜੀ !

ਹੇ ਗੁਰੂ ਜੀ !
ਤੁਹਾਡੀਆਂ ਮਹਾਨ ਕਰਨੀਆਂ ਵੱਲ ਵੇਖਦਾ
ਸੋਚਣ ਲੱਗ ਜਾਂਦਾ ਹਾਂ
ਕਿ ਆਪਣਾ ਨਾਂਅ ਲੋਕਾਂ ਦੇ ਮਨਾਂ 'ਚ
ਸੁਨਹਿਰੀ ਅੱਖਰਾਂ 'ਚ ਲਿਖਾਉਣ ਲਈ
ਆਪਣੇ ਤਨ ਦਾ ਸਾਰਾ ਲਾਲ ਰੰਗ
ਧਰਤ ਨੂੰ ਭੇਟ ਕਰਨਾ ਪੈਂਦਾ ਹੈ

ਗੁਰੂ ਜੀ !
ਕੰਬ ਰਿਹਾਂ ਮੈਂ ਤਾਂ ਸੋਚ ਕੇ ਵੀ
ਕਿ ਇਤਿਹਾਸ ਰਚਣ ਲਈ
ਤਿੱਖੇ ਤੀਰਾਂ ਦੀਆਂ ਨੋਕਾਂ ਨਾਲ਼
ਆਪਣੇ ਪੁੱਤਰਾਂ ਦੇ ਸੀਨਿਆਂ ਨੂੰ
ਵਿੰਨ੍ਹ ਹੁੰਦਿਆਂ ਵੇਖਣਾ ਪੈਂਦਾ ਹੈ
ਤੇ ਕੌਮ ਦਾ ਵੱਡਾ ਮਹਿਲ ਨੂਰੋ ਨੂਰ ਰੱਖਣ ਲਈ
ਇਸ ਦੇ ਬੰਨੇਰਿਆਂ 'ਤੇ
ਆਪਣੇ ਘਰ ਦੇ ਸਾਰੇ ਦੀਵੇ
ਲਿਆ ਕੇ ਟਿਕਾ ਦੇਣੇ ਪੈਂਦੇ ਨੇ

ਹੇ ਗੁਰੂ ਜੀ !
ਆਪਣੇ ਸਿਰ ਦੇ ਸਾਇਆਂ ਨੂੰ
ਸੀਸ ਲੈ ਕੇ ਪਿਆਸੀਆਂ ਤਲਵਾਰਾਂ ਵੱਲ
ਤੁਰਨ ਲਈ ਫਰਿਆਦ ਕਰਨਾ
ਇਤਿਹਾਸ ਰਚਣਾ ਹੀ ਤਾਂ ਹੈ

ਹੇ ਗੁਰੂ ਜੀਓ !
ਭਰੀ ਭੀੜ 'ਚੋਂ
ਖਾਲਸਾ ਸਿਰਜਣ ਲਈ
ਤਲਵਾਰਾਂ ਨੂੰ ਸੀਸ ਅਰਪਣ ਕਰਨ ਲਈ
ਝੱਟ ਤਲਵਾਰਾਂ ਸਾਹਵੇਂ ਆ ਖੜ੍ਹਨ ਵਾਲੇ
ਮਿੱਤਰ ਪਿਆਰੇ ਵੀ ਤਾਂ ਚਾਹੀਦੇ ਹੁੰਦੇ ਨੇ

ਗੁਰੂ ਜੀ !
ਤੁਸੀਂ ਕਿੱਡੇ ਸਹਿਜ ਦਾ ਸਮੁੰਦਰ ਹੋ
ਜ਼ੁਲਮ ਜਦੋਂ ਮਗਰ ਚੜ੍ਹਿਆ ਆ ਰਿਹਾ ਹੋਵੇ
ਤੇ ਸਰਸਾ ਵੀ ਜਦੋਂ ਉੱਛਲ ਰਹੀ ਹੋਵੇ
ਤੇ ਰਣ ਖੇਤਰ 'ਚ ਬੈਠ ਕੇ
ਰਬਾਬ ਤੇ ਸ਼ਮਸ਼ੀਰ ਦਾ ਇਕੱਠਿਆਂ ਕੀਤਾ
ਆਸਾ ਦੀ ਵਾਰ ਦਾ ਕੀਰਤਨ ਸੁਣਦੇ ਹੋ
ਤੁਸੀਂ ਯੁੱਧਾਂ ਨੂੰ ਇਹ ਕਿਸ ਤਰ੍ਹਾਂ ਲੜਿਆ ਹੈ
ਕਿਸ ਤਰ੍ਹਾਂ ਇਹ ਸਭ ਨਿਭਾਇਆ ਹੈ
ਤੁਸੀਂ ਸੰਤ ਵੀ ਸਿਪਾਹੀ ਵੀ

ਗੁਰੂ ਜੀਓ !
ਤੁਹਾਡੀ ਇਹ ਕੈਸੀ ਪੈਗੰਬਰੀ ਨਜ਼ਰ ਸੀ
ਜੋ ਭੁੱਖਾਂ ਮਾਰੇ ਢਿੱਡਾਂ ਉੱਤੇ ਵੀ
ਫੌਲਾਦੀ ਹਿੱਕਾਂ ਨੂੰ ਉਸਾਰਦੀ
ਜੋ ਇੱਕ ਦੂਜੇ ਨਾਲ਼ੋਂ ਅੱਗੇ ਆਉਂਦੀਆਂ
ਹਥਿਆਰਾਂ ਦੀ ਮਾਰ ਪਰਖਣ ਨੂੰ
ਤੇ ਜੋ ਉੱਚੀ ਆਵਾਜ਼ੇ ਦੱਸਦੀਆਂ
ਹਥਿਆਰਾਂ ਦੀ ਮਾਰ ਕੀ
ਬੱਸ ਹਿੱਕਾਂ 'ਚ ਜਿਗਰਾ ਚਾਹੀਦਾ ਹੁੰਦਾ

ਗੁਰੂ ਜੀ !
ਤੁਸੀਂ ਇਹ ਸਭ ਵਰਤਦਾ ਵਿਖਾਇਆ
ਸੱਚੇ ਅਸੂਲਾਂ ਲਈ ਭੁੱਲ੍ਹਦੇ ਲਹੂ ਸਾਹਵੇਂ
ਚਰਖੜੀਆਂ, ਆਰਿਆਂ ਦੇ ਦੰਦੇ
ਖੁੰਡੇ ਹੋ ਜਾਂਦੇ ਨੇ
ਤਵੀਆਂ, ਦੇਗਾਂ ਠਰ ਜਾਂਦੀਆਂ
ਗਲਾਂ 'ਚ ਟੁਕੜੇ ਟੁਕੜੇ ਹੋ ਕੇ ਪਏ
ਤੇ ਨੇਜ਼ਿਆਂ 'ਤੇ ਟੰਗੇ ਪਏ ਮਾਵਾਂ ਦੇ ਬਾਲ ਵੀ
ਸਬਰ ਦੀ ਜਿੱਤ ਦੇ ਪਰਚਮਾਂ 'ਚ ਵਟ ਜਾਂਦੇ
ਤੇ ਲਹਿਰਾਉਣ ਲੱਗਦੇ

ਗੁਰੂ ਜੀਓ !
ਇਤਿਹਾਸ ਨੂੰ ਕਾਲੇ ਅੱਖਰਾਂ 'ਚ
ਲਿਖਣ ਵਾਲਿਆਂ ਦੇ ਮੂੰਹ 'ਤੇ
ਇਤਿਹਾਸ ਸਦੀਵੀ ਕਾਲਖ ਪੋਚਦਾ ਆਇਆ ਹੈ
ਜਿਸ ਨੂੰ ਫਿਰ ਕੋਈ ਨੂਰ
ਰੁਸ਼ਨਾ ਨਹੀਂ ਸਕਿਆ

ਤੁਸੀਂ ਹੀ ਦੱਸਿਆ ਗੁਰੂ ਜੀਓ !
ਇਤਿਹਾਸ ਬਣਨ ਲਈ
ਸਿਰ ਧੜਾਂ 'ਤੇ ਨਹੀਂ
ਤਲੀਆਂ 'ਤੇ ਟਿਕ ਕੇ ਤੁਰਦੇ ਨੇ
ਫਿਰ ਉਹਨਾਂ ਸਿਰਾਂ ਦਾ
ਮੁੱਲ ਤਾਂ ਪਾਇਆ ਜਾ ਸਕਦਾ
ਪਰ ਸੋਚ ਕਦੇ ਨਾ ਖਰੀਦੀ ਜਾ ਸਕੀ

ਹੇ ਗੁਰੂ ਜੀਓ !
ਆਪਣਾ ਇਤਿਹਾਸ ਲਿਖਣ ਲਈ
ਆਪਣਾ ਲਹੂ ਚਾਹੀਦਾ ਹੁੰਦਾ ਹੈ
ਲਹੂ ਨਾਲ ਲਿਖੇ ਪੰਨੇ
ਕੌਮਾਂ ਦਾ ਸਰਮਾਇਆ ਬਣਦੇ
ਮਹਾਨ ਕੌਮਾਂ ਦੇ ਸਾਹ ਬਣਦੇ

ਗੁਰੂ ਜੀ !
ਤੁਸੀਂ ਹੀ ਯੁੱਗਾਂ ਤੋਂ ਚਲਦੇ
ਯੁੱਧਾਂ ਦੀ ਪਰਿਭਾਸ਼ਾ ਬਦਲ ਦਿੱਤੀ
ਤੇ ਦੱਸਿਆ ਜਰ, ਜੋਰੂ, ਜ਼ਮੀਨ ਲਈ ਹੀ
ਨਹੀਂ ਲੜ ਹੁੰਦੇ
ਯੁੱਧ ਲੋਕਾਈ ਲਈ ਵੀ ਲੜ ਹੋ ਸਕਦੇ ਨੇ
ਤੇ ਸਰਬੰਸ ਲੋਕਾਂ ਲਈ ਵੀ ਵਾਰ ਹੋ ਸਕਦੇ ਨੇ

ਗੁਰੂ ਜੀ !
ਤੁਸੀਂ ਆਪਣੀ ਰਵਾਨੀ 'ਚ
ਪਟਨੇ ਤੋਂ ਆਨੰਦਪੁਰ,
ਫਿਰ ਚਮਕੌਰ ਤੇ ਸਰਹਿੰਦ,
ਮਾਛੀਵਾੜਾ, ਖਿਦਰਾਣੇ ਦੀ ਢਾਬ
ਤੇ ਫਿਰ ਨੰਦੇੜ ਤੱਕ ਅੱਪੜਦਿਆਂ
ਕਿਸ ਤਰ੍ਹਾਂ ਪੜਾਅ ਕੀਤੇ
ਕਿ ਇੱਕ ਪੂਰਾ ਯੁੱਗ ਬਦਲ ਦਿੱਤਾ

ਗੁਰੂ ਜੀਓ !
ਜਦੋਂ ਤੁਸੀਂ ਆਪਣੇ ਯੋਧੇ ਪੁੱਤਰਾਂ ਦੀ
ਸ਼ਹਾਦਤ ਨੂੰ ਸੁਣਦਿਆਂ ਵੀ
ਤੀਰ ਦੀ ਨੋਕ ਨਾਲ਼ ਧਰਤ ਤੋਂ ਜ਼ੁਲਮ ਪੁੱਟਦੇ ਰਹੇ
ਤੇ ਫਿਰ ਕਿਸ ਤਰ੍ਹਾਂ ਜਿੱਤ ਨੂੰ ਚਿਤਵਿਆ
ਤੇ ਜ਼ਾਲਮਾਂ ਨੂੰ ਜ਼ਫਰਨਾਮਾ ਲਿਖਿਆ
ਜਿਸ ਨੂੰ ਪੜ੍ਹ ਉਹ ਦੁਨਿਆਵੀ ਤਖਤ
ਲੜਖੜਾਉਂਦਾ ਭੁੱਲ ਬਖਸ਼ਾਉਣ ਲਈ ਉੱਠ ਤੁਰਿਆ
ਪਰ ਕੁਝ ਨਹੀਂ ਹੋ ਸਕਦਾ ਸੀ
ਕਿਉਂਕਿ ਉਹਦੇ ਕਾਲੇ ਇਤਿਹਾਸ ਤੋਂ ਉੱਚਾ
ਸੁਨਹਿਰੀ ਇਤਿਹਾਸ ਤੁਸੀਂ ਸਿਰਜ ਲਿਆ ਸੀ

— ਅਮਰਜੀਤ ਸਿੰਘ ਅਮਨੀਤ

ਸੋਚ ਦਾ ਸੂਰਜ

ਉਹ ਸ਼ਬਦ ਅਜੇ ਬਣੇ ਨਹੀਂ
ਜੋ ਤੇਰੀ ਮਹਾਨਤਾ ਨੂੰ ਪ੍ਰਗਟਾ ਸਕਣ
ਉਹ ਸ਼ਬਦ ਵੀ ਅਜੇ ਘੜੇ ਨਹੀਂ ਗਏ ਜੋ ਤੇਰੇ ਦਰਦ ਨੂੰ ਬਿਆਨ ਕਰ ਸਕਣ
ਨਹੀਂ ਸਮਝ ਸਕਦੇ ਲੋਕ ਕਿ
ਜਦੋਂ ਘੜੇ 'ਚੋਂ ਪਾਣੀ ਪੀਣ 'ਤੇ
ਵਿਦਿਆਰਥੀਆਂ ਨੂੰ ਕੁੱਟਿਆ ਜਾਵੇ
ਜਦੋਂ ਕਿਸੇ ਦੀ ਜਾਤ ਨੀਵੀਂ ਕਰਕੇ
ਕਮਰਾ ਨਾ ਮਿਲ ਸਕੇ
ਨਹੀਂ ਸਮਝ ਸਕਦੇ ਲੋਕ
ਵਿਦੇਸ਼ਾਂ ਤੋਂ ਮਾਸਟਰ ਡਿਗਰੀਆਂ ਕਰਕੇ
ਆਪਣੇ ਲੋਕਾਂ ਦੇ ਹੰਝੂ ਪੂੰਝਣ ਆਉਣਾ
ਜਨਤਕ ਥਾਵਾਂ ਤੋਂ ਪਾਣੀ ਪੀਣ ਦੇ
ਹੱਕ ਦੁਆਉਣਾ
ਅੰਧ-ਵਿਸ਼ਵਾਸੀ ਅੱਖਰਹੀਣ ਲੋਕਾਂ ਨੂੰ ਜਗਾਉਣਾ
ਨਹੀਂ ਸਮਝ ਸਕੇ ਅਜੇ ਤੱਕ
ਬਾਬਾ ਸਾਹਿਬ !
ਤੇਰੀਆਂ ਅਨੰਤ ਕੁਰਬਾਨੀਆਂ ਨੂੰ
ਨਹੀਂ ਸਮਝ ਸਕੇ ਲੋਕ
ਬਿਨਾਂ ਕੱਫਣ ਤੋਂ ਤੇਰੇ ਬੱਚਿਆਂ ਦਾ
ਦੁਨੀਆ ਤੋਂ ਟੁਰ ਜਾਣਾ
ਸ਼ੂਦਰ ਹੋਣ ਕਰਕੇ ਕਿਸੇ ਨੇ
ਟਾਂਗੇ 'ਤੇ ਨਾ ਬਿਠਾਉਣਾ
ਉਹ ਜ਼ਖਮੀ ਦਿਲ ਦੀ ਦਾਸਤਾਂ
ਉਹ ਵਗੇ ਖਾਰੇ ਹੰਝੂਆਂ ਦੇ ਦਰਿਆ
ਨਹੀਂ ਸਮਝ ਸਕੇ ਲੋਕ
ਤੇਰੀ ਕੌਮ ਦਾ ਤੇਰੇ ਤੋਂ ਬੇਮੁੱਖ ਹੋਣਾ..!
ਉਂਝ, ਸੰਵਿਧਾਨ ਨੂੰ ਛਿੱਕੇ ਟੰਗਣਾ
ਸੜਕਾਂ 'ਤੇ ਮੰਗਾਂ ਲਈ ਬੈਠਣਾ
ਤਾਂ ਕਹਿਣਾ ਕਿ
ਸਾਡਾ ਸੰਵਿਧਾਨਕ ਹੱਕ ਹੈ
ਨਹੀਂ ਲਾਗੂ ਕਰਵਾ ਸਕੇ ਤੇਰੇ ਸੰਵਿਧਾਨ ਨੂੰ
ਨਹੀਂ ਸਮਝ ਸਕੇ ਲੋਕ
ਭੀੜ ਤੇ ਸਿਰਾਂ ਵਿਚਲੇ ਅੰਤਰ ਨੂੰ
ਤੇਰਾ ਸੰਵਿਧਾਨ ਤੇ ਤੇਰੀ ਫੋਟੋ
ਤੇਰੇ ਵਿਚਾਰਾਂ ਦੇ ਉਲਟ, ਭੁਗਤਣ ਵਾਲਿਆਂ ਨੇ ਵਰਤੀ
ਤੇਰੀ ਕੌਮ ਕੋਲ ਸਿਰਫ ਤੇਰਾ ਨਾਅਰਾ ਹੈ ।
ਤੇਰੇ ਦਿੱਤੇ ਹੋਏ ਸੰਵਿਧਾਨਕ ਹੱਕ
ਚੋਰ ਮੋਰੀਆਂ ਰਾਹੀਂ
ਖਿੱਲਰ ਗਏ, ਖਿੰਡਰ ਗਏ
ਸਿੱਖਿਆ, ਸਿਹਤ, ਰੁਜ਼ਗਾਰ ਤੋਂ ਵਾਂਝੇ
ਤੇਰੇ ਲੋਕ ਬਹੁਤੇ ਅੱਜ ਵੀ ਉਹੀ ਨੇ
ਢੋਂਹਦੇ ਨੇ ਮੋਢਿਆਂ 'ਤੇ ਲਾਸ਼ਾਂ
ਮਰਦੇ ਨੇ ਇਲਾਜ ਦੁੱਖੋਂ
ਨਹੀਂ ਦੇ ਸਕਦੇ ਮਹਿੰਗੀ ਸਿੱਖਿਆ
ਆਪਣੇ ਜੁਆਕਾਂ ਨੂੰ
ਅਜੇ ਵੀ ਮਜਬੂਰ ਨੇ,
ਦੂਜਿਆਂ ਦੇ ਲੱਥੇ ਲੀੜੇ ਪਾਉਣ ਲਈ
ਧੀਆਂ ਦੇ ਵਿਆਹਾਂ 'ਤੇ ਹੱਥ ਅੱਡਣ ਲਈ
ਨਹੀਂ ਚੜ੍ਹਾ ਸਕਦੇ ਆਪਣੇ ਜੁਆਕਾਂ ਨੂੰ ਪੜ੍ਹਨ ਲਈ ਜਹਾਜ਼ੇ
ਪਰ..
ਲੋਟੂ ਲਾਣਾ ਭੇਸ ਬਦਲ ਕੇ
ਕਮਜ਼ੋਰਾਂ ਦੇ ਨਾਲ ਖੜ੍ਹਾ ਹੈ
ਨਹੀਂ ਸਮਝ ਸਕੇ ਲੋਕ
ਚਲਾਕ ਲੋਕਾਂ ਦੀਆਂ ਲੂੰਬੜਚਾਲਾਂ ਨੂੰ
ਰਿਜਕ ਵਿਹੂਣੇ, ਕੱਖੋਂ ਹੌਲੇ
ਬੇਵੱਸ ਤੇ ਕਮਜ਼ੋਰ
ਵੋਟ ਦੀ ਤਾਕਤ ਨਹੀਂ ਪਛਾਣ ਸਕੇ..!
ਵੱਟਾਂ ਬੰਨਿਆਂ ਤੋਂ ਘਾਹ ਖੋਤਣ ਵਾਲੇ
ਗਟਾਰਾਂ ਟੋਭਿਆਂ ਨੂੰ ਸਾਫ ਕਰਨ ਵਾਲੇ
ਕਿਰਤੀ ਹੱਥ, ਜਦੋਂ ਇਨਸਾਫ ਲਈ
ਉੱਠਦੇ ਨੇ ਤਾਂ ਤੋੜ ਦਿੱਤੇ ਜਾਂਦੇ ਨੇ..!
ਜੇਲ੍ਹਾਂ 'ਚ ਡੱਕੇ ਜਾਂਦੇ ਨੇ
ਬਲਾਤਕਾਰੀਆਂ ਨੂੰ ਹਾਰ ਪਾ ਕੇ
ਜੇਲ੍ਹਾਂ 'ਚੋਂ ਕੱਢਿਆ ਜਾਂਦਾ ਐ
ਇਨਸਾਫ ਦੀ ਦੇਵੀ
ਵਿਕ ਚੁੱਕੀ ਏ..!
ਨਹੀਂ ਸਮਝ ਸਕੇ ਲੋਕ
ਕਿ...
ਦੇਸ਼ ਦੀ ਤਾਕਤ ਕਿਰਤੀ ਲੋਕ ਨੇ
ਦੁਸ਼ਮਣ ਬਲਵਾਨ ਏ ਤਾਂ ਕੀ ਹੋਇਆ....?
ਕਈ ਤੇਰੇ ਸੇਰ ਅਜੇ ਜਿਉਂਦੇ ਨੇ
ਜੋ ਦੱਬੇ ਕੁਚਲਿਆਂ, ਬੇਵੱਸ ਤੇ ਲਾਚਾਰ ਲੋਕਾਂ ਦੇ ਨਾਲ ਖੜ੍ਹੇ ਨੇ...!
ਜਿਵੇਂ ਪਹੁੰਚੀ ਹੈ
ਦੁਨੀਆ ਦੇ ਹਰ ਕੋਨੇ 'ਚ ਤੇਰੀ ਫੋਟੋ
ਇਸੇ ਤਰ੍ਹਾਂ ਤੇਰੀ ਸੋਚ ਦਾ ਦੀਵਾ
ਘਰ-ਘਰ ਬਲੇਗਾ
ਬੱਸ,
ਮਿੱਤਰਾਂ, ਦੁਸ਼ਮਣਾਂ ਦੀ ਪਰਖ, ਅਜੇ ਬਾਕੀ ਹੈ
ਫੇਰ ਅੰਬੇਡਕਰੀ ਯੁੱਗ ਜ਼ਰੂਰ ਚੜ੍ਹੇਗਾ
ਭੁੱਖ-ਨੰਗ, ਗਰੀਬੀ, ਧੱਕੇਸ਼ਾਹੀ, ਅਨਪੜ੍ਹਤਾ
ਜਾਤ-ਪਾਤ ਨੂੰ ਢਾਹ ਲਾਉਣ ਵਾਲੇ
ਨਿਧੜਕ ਲੋਕ ਆਗੂ
ਤੇਰੀ "ਸੋਚ ਦਾ ਸੂਰਜ" ਜ਼ਰੂਰ ਚੜ੍ਹੇਗਾ..!

—ਕੁਲਵੰਤ ਕੌਰ ਨਗਰ

ਗਜ਼ਲ

ਸਿਆਸਤ ਨੇ ਬਦਲ ਦਿੱਤੇ ਜਦੋਂ ਦੇ ਅਰਥ ਰੰਗਾਂ ਦੇ।
ਉਕਾਬਾਂ ਦੇ ਨਗਰ ਵਿੱਚ ਹੋ ਰਹੇ ਚਰਚੇ ਪਤੰਗਾਂ ਦੇ।

ਜਿਨ੍ਹਾਂ ਦੇ ਪੁੱਤ ਆਏ ਜਿੱਤ ਕੇ ਪਰ ਬਕਸਿਆਂ ਅੰਦਰ,
ਉਨ੍ਹਾਂ ਨੂੰ ਪੁੱਛ ਕੇ ਵੇਖੀ ਨਤੀਜੇ ਕੀ ਨੇ ਜੰਗਾਂ ਦੇ।

ਜਦੋਂ ਤੋਂਥੋਂ ਮੇਰੇ ਦਿਲ ਵਿੱਚ ਅਜੇ ਤੱਕ ਡੁੱਬ ਨਾ ਹੋਇਆ,
ਮੁਹੱਬਤ ਕਿੰਝ ਨਾਪਣਗੇ ਤੇਰੇ ਟੋਟੇ ਇਹ ਵੰਗਾਂ ਦੇ।

ਰਿਸ਼ੀ ਸ਼ੰਭੂਕ, ਤੇ ਸਰਮਦ, ਸਰਾਭਾ, ਯਾਦ ਨੇ ਤਨਵੀਰ,
ਤਦੇ ਆਏ ਨਹੀਂ ਸਾਨੂੰ ਕਦੇ ਵੀ ਖਾਬ ਝੰਗਾਂ ਦੇ।

ਚਿਰਾਗਾਂ ਨੂੰ ਬੁਝਾ ਦਿੱਤਾ ਜੇ ਨ੍ਹੇਰੀ ਨੇ ਤਾਂ ਕੀ ਹੋਇਆ,
ਮੇਰੇ ਅੰਦਰ ਅਜੇ ਵੀ ਚਮਕਦੇ ਜੁਗਨੂੰ ਉਮੰਗਾਂ ਦੇ।

ਮੈਂ ਖੁਦ ਤੋਂ ਪੁੱਛਦਾ ਹਾਂ ਰੋਜ਼ ਸਾਗਰ ਸ਼ਾਂਤ ਹੈ ਜੇਕਰ,
ਬੜੇ ਬੇਚੈਨ ਕਿਉਂ ਦਿਸਦੇ ਨੇ ਮੈਨੂੰ ਰੁੱਖ ਤਰੰਗਾਂ ਦੇ।

ਕੋਈ ਗੱਲ ਖਾਸ ਹੈ 'ਤਨਵੀਰ' ਭਾਵੇਂ ਮੰਨ ਜਾਂ ਨਾ ਮੰਨ
ਮਹਾਜਨ ਚੱਲ ਕੇ ਆਏ ਨੇ, ਜੋ ਵਿਹੜੇ ਮੁਲੰਗਾਂ ਦੇ।

—ਅਜੈ ਤਨਵੀਰ

ਸਫ਼ਾ 3 ਦੀ ਬਾਕੀ — ਸਾਹਿਤ-ਅਧਿਐਨ ਦੀ ਪੁਖਤਾ ਪੁਸਤਕ...

ਸਰਦਾਰੀ ਹੋਵੇਗੀ, ਉਥੇ ਅਸਲੀ ਆਜ਼ਾਦੀ ਦੀ ਹੋਂਦ ਨਹੀਂ ਹੋ ਸਕਦੀ। ਉਹ ਕਲਾ ਨੂੰ ਲੋਕਾਂ ਦੀ ਮਲਕੀਅਤ ਸਮਝਦੇ ਸਨ ਅਤੇ ਆਜ਼ਾਦ ਪ੍ਰੈੱਸ ਦੀ ਸਥਾਪਨਾ ਕਰਨੀ ਚਾਹੁੰਦੇ ਸਨ। ਉਹ ਸਮਝਦੇ ਸਨ ਕਿ ਸਾਹਿਤ ਸਮਾਜਿਕ ਵਿਕਾਸ ਵਿਚ ਵੱਡਾ ਰੋਲ ਅਦਾ ਕਰ ਸਕਦਾ ਹੈ। ਉਹਨਾਂ ਨੇ ਆਪਣੇ ਸਮੇਂ ਦੇ ਅਤੇ ਆਪਣੇ ਤੋਂ ਪੂਰਬਲੇ ਲੇਖਕਾਂ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਅਤੇ ਵਿਦਵਾਨਾਂ ਦੀ ਇਕ ਵਿਸ਼ੇਸ਼ ਵਰਗ ਦੇ ਦ੍ਰਿਸ਼ਟੀਕੋਣ ਤੋਂ ਸੋਚਣ-ਵਿਚਾਰਨ ਦੀ ਹਮਾਇਤ ਕੀਤੀ। ਉਹ ਰਾਜਨੀਤੀ ਅਤੇ ਸਾਹਿਤ ਨੂੰ ਵੱਖ-ਵੱਖ ਰੱਖ ਕੇ ਵਿਚਾਰਨ ਦੇ ਹੱਕ ਵਿਚ ਸਨ।

ਏਸੇ ਤਰ੍ਹਾਂ ਮਾਉ-ਜ਼ੇ-ਤੁੰਗ ਨੇ ਇਸ ਵਿਚਾਰਧਾਰਾ ਨਾਲ ਚੀਨ ਵਿਚ ਇਨਕਲਾਬ ਲਿਆਂਦਾ ਸੀ। ਉਹ ਸਿਆਸੀ ਆਗੂ ਅਤੇ ਦਾਰਸ਼ਨਿਕ ਵਜੋਂ ਮਸ਼ਹੂਰ ਸੀ। ਉਹ ਸਮਝਦਾ ਸੀ ਭਾਵੇਂ ਸਾਹਿਤ ਅਤੇ ਕਲਾ ਰਾਜਨੀਤੀ ਦੇ ਅਧੀਨ ਹੁੰਦੇ ਹਨ, ਪਰ ਇਹ ਆਪਣਾ ਮੁੜਵਾਂ ਪ੍ਰਭਾਵ ਵੀ ਪਾਉਂਦੇ ਹਨ।

ਪੁਸਤਕ ਦੇ ਅਗਲੇ ਹਿੱਸੇ 'ਮੁੱਢਲੇ ਰੂਸੀ ਚਿੰਤਕ' ਅਧੀਨ ਵਿਸਾਰੀਅਨ ਗਰੀਗੋਰੀਏਵਿਚ ਬੈਲਿੰਸ਼ਕੀ, ਅਲੈਗਜ਼ੈਂਡਰ ਇਵਾਨਵਿਚ ਹਰਜ਼ਨ, ਨਿਕੋਲਾਈ ਗਾਵਿਰਲੋਵਿਚ ਚਰਨੀਸ਼ੇਵਸਕੀ ਅਤੇ ਨਿਕੋਲਾਈ ਅਲੈਗਜ਼ੈਂਡਰ ਦਾਬਰੋਲਿਊਬੋਵ ਨਾਂਅ ਦੇ ਚਾਰ ਮੁਢਲੇ ਰੂਸੀ ਚਿੰਤਕਾਂ ਦਾ ਜ਼ਿਕਰ ਕੀਤਾ ਹੈ। ਇਹ ਉਹ ਚਿੰਤਕ ਸਨ, ਜੋ ਰੂਸ ਵਿਚ ਜਾਰਸ਼ਾਹੀ ਦੌਰਾਨ 1820 ਤੋਂ 1900 ਦੇ ਦਰਮਿਆਨ ਰੂਸ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਦੇ ਸਨ ਤੇ ਕਾਰਲ ਮਾਰਕਸ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਰੂਸ ਦੀ ਰਾਜਾਸ਼ਾਹੀ (ਜਾਰਸ਼ਾਹੀ) ਦੇ ਖਿਲਾਫ ਲੋਕਾਂ ਨੂੰ ਜਾਗ੍ਰਿਤ ਕਰਦੇ ਸਨ। ਇਹਨਾਂ ਨੇ ਰੂਸ ਦੇ ਲੋਕਾਂ ਵਿਚ ਇਨਕਲਾਬ ਦੇ ਬੀਜ ਬੀਜੇ ਜਿਸ ਦੇ ਇਵਜ਼ ਵਿਚ ਇਹਨਾਂ ਨੂੰ ਯੂਨੀਵਰਸਿਟੀਆਂ ਵਿੱਚੋਂ ਬਹਾਨੇ ਲਗਾ ਕੇ ਕੱਢਿਆ ਗਿਆ, ਨੌਕਰੀਆਂ ਤੋਂ ਹੱਥ ਧੋਣੇ ਪਏ ਅਤੇ ਜੇਲ੍ਹਾਂ ਵਿਚ ਵੀ ਜਾਣਾ ਪਿਆ। ਦਾਬਰੋਲਿਊਬੋਵ ਦਾ ਮੱਤ ਸੀ ਕਿ ਸਾਹਿਤ ਨੂੰ ਧਰਮ ਨਾਲੋਂ ਵੱਖ ਕਰਨਾ ਚਾਹੀਦਾ ਹੈ ਅਤੇ ਲੇਖਕ ਨੂੰ ਪ੍ਰਚਾਰਕ ਬਣਨ ਦੀ ਗਲਤੀ ਨਹੀਂ ਕਰਨੀ ਚਾਹੀਦੀ। ਉਹ ਸਮਝਦੇ ਸਨ ਕਿ ਕਲਾ ਅਤੇ ਦਰਸ਼ਨ ਦਾ ਅਸਲ ਮੰਤਵ ਸਮਾਜਿਕ ਜੀਵਨ ਵਿਚ ਲੋਕਾਂ ਦੀਆਂ ਸੁੱਤੀਆਂ ਸੰਭਾਵਨਾਵਾਂ ਜਗਾ ਕੇ ਉਨ੍ਹਾਂ ਨੂੰ ਸਥਾਪਤ ਪ੍ਰਬੰਧ ਦੀ ਤਬਦੀਲੀ ਲਈ ਤਿਆਰ ਕਰਨਾ ਹੈ। ਚਰਨੀਸ਼ੇਵਸਕੀ ਦਾ ਨਾਵਲ 'ਕੀ ਕਰੀਏ' ਇਨਕਲਾਬੀ ਲੋਕਾਂ ਲਈ ਪਾਠ-ਪੁਸਤਕ ਬਣ ਗਿਆ ਸੀ।

ਇਸ ਤੋਂ ਅਗਲੇ ਹਿੱਸੇ ਵਿਚ ਹੋਰ ਆਧੁਨਿਕ ਰੂਸੀ ਚਿੰਤਕਾਂ ਦਾ ਜ਼ਿਕਰ ਹੈ, ਜਿਸ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ। ਪਹਿਲੇ ਹਿੱਸੇ ਵਿਚ ਜੀ.ਵੀ. ਪਲੈਖਾਨੋਵ, ਏ.ਵੀ. ਲੂਨਾਚਾਰਸਕੀ, ਲਿਊਨ ਟ੍ਰਾਟਸਕੀ, ਬੋਰਿਸ ਸਚਕੋਵ, ਐਮ. ਖਰਾਪਚੈਂਕੋ ਅਤੇ ਯੂਰੀ ਬਾਰਾਬਾਸ਼ ਸ਼ਾਮਲ ਹਨ। ਦੂਸਰੇ ਹਿੱਸੇ ਵਿਚ ਰੈਲਫ ਫਾਕਸ, ਕ੍ਰਿਸਟਾਫਰ ਕਾਡਵੈੱਲ, ਜਾਰਜ ਥਾਮਸਨ ਅਤੇ ਹਾਵਰਡ ਫਾਸਟ ਹਨ। ਤੀਸਰੇ ਹਿੱਸੇ ਵਿਚ ਜਾਰਜ ਲੁਕਾਚ ਅਤੇ ਅਰਨਸਟ ਫਿਸ਼ਰ ਸ਼ਾਮਲ ਹਨ। ਕੁਝ ਹੋਰ ਆਧੁਨਿਕ ਚਿੰਤਕ ਸਿਰਲੇਖ ਅਧੀਨ ਰੇਅਮੰਡ ਵਿਲੀਅਮਜ਼, ਏ.ਐੱਸ. ਵਾਜ਼ਕੇਜ਼, ਫਰੈਡਰਿਕ ਜੇਮਸਨ, ਪੀਏ. ਮਾਸ਼ੇਰੀ. ਟੈਰੀ ਈਗਲਟਨ ਅਤੇ ਟੋਨੀ ਬੈਨੈੱਟ ਸ਼ਾਮਲ ਹਨ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਜਦੋਂ ਇਕ ਪਾਸੇ ਲੈਨਿਨ ਦੀ ਅਗਵਾਈ ਵਿਚ ਮਾਰਕਸਵਾਦੀ ਵਿਚਾਰਧਾਰਾ ਅਮਲੀ ਜਾਮਾ ਪਹਿਨ ਰਹੀ ਸੀ, ਉਸੇ ਸਮੇਂ ਰੂਸ ਵਿਚ ਹੀ ਰੂਪਵਾਦੀ ਅਧਿਐਨ ਵਿਧੀ ਜਨਮ ਲੈ ਰਹੀ ਸੀ। ਭਾਵੇਂ ਕਿ 1930 ਦੇ ਲਾਗੇ ਰੂਸ ਦੀ ਲੈਨਿਨ ਦੀ ਅਗਵਾਈ ਵਿਚ ਚਲਦੀ ਮਾਰਕਸਵਾਦੀ ਸਰਕਾਰ ਨੇ ਅਤੇ ਬਾਅਦ ਵਿਚ ਸਟਾਲਿਨ ਨੇ ਆਪਣੇ ਖਿਲਾਫ ਜਾਂਦੀ ਹਰ ਵਿਚਾਰਧਾਰਾ ਨੂੰ ਜਬਰੀ ਦਬਾ ਦਿੱਤਾ ਸੀ। ਦੂਜੇ ਪਾਸੇ 1930-40 ਦੇ ਦੌਰਾਨ ਮਾਰਕਸਵਾਦੀ/ਪਦਾਰਥਵਾਦੀ ਵਿਚਾਰਧਾਰਾ ਦੇ ਖਿਲਾਫ ਅਮਰੀਕਾ ਵਿਚ ਨਵੀਂ ਅਮਰੀਕੀ ਆਲੋਚਨਾ ਪ੍ਰਣਾਲੀ ਨੇ ਜਨ

15-Jan-Sunday.qxd 1/14/2023 10:22 PM Page 2

ਸੁੱਖ ਦੀ ਪ੍ਰਾਪਤੀ ਦੁੱਖ ਦੇ ਅਹਿਸਾਸ 'ਚ ਹੀ ਹੈ

ਹਰਬਖਸ਼ ਮਕਸੂਦਪੁਰੀ

ਖੰਡਾਂ

ਮੁਲਾਕਾਤੀ : ਦਲਵੀਰ ਕੌਰ

? ਤੁਹਾਡੇ ਲੰਮੇ ਤਜਰਬੇ ਮੁਤਾਬਿਕ ਸੰਸਾਰ ਕੀ ਹੈ।

-ਜਿੰਨਾ ਕੁ ਗਿਆਨ ਮੈਨੂੰ ਆਪਣੇ ਜੀਵਨ ਦੇ ਲੰਮੇ ਤਜਰਬੇ ਵਿੱਚੋਂ ਮਿਲ ਸਕਿਆ ਹੈ, ਉਸ ਅਨੁਸਾਰ ਮੈਂ ਇੰਨਾ ਕੁ ਹੀ ਕਹਿ ਸਕਦਾ ਹਾਂ ਕਿ ਜੋ ਕੁਝ ਵੀ ਹੈ, ਇਹ ਸੰਸਾਰ ਹੀ ਹੈ, ਇਸ ਤੋਂ ਬਾਹਰ ਹੋਰ ਕੁਝ ਵੀ ਨਹੀਂ ਹੈ। ਚੰਗਾ-ਮੰਦਾ ਸਭ ਕੁਝ ਇਹਦੇ ਅੰਦਰ ਹੀ ਵਾਪਰਦਾ ਹੈ। ਨਰਕ-ਸੁਰਗ ਤੇ ਅਗਲਾ-ਪਿਛਲਾ ਜਨਮ ਬੰਦੇ ਦੀ ਕਲਪਨਾ ਤੋਂ ਵੱਧ ਹੋਰ ਕੁਝ ਵੀ ਨਹੀਂ ਹੈ। ਇਸ ਸੰਸਾਰ ਵਿਚ ਜੋ ਕੁਝ ਵੀ ਹੈ, ਕੁਦਰਤ ਦੀ ਸਮੁੱਚਤਾ ਦਾ ਅਨਿੱਖੜ ਅੰਗ ਹੈ। ਸੰਸਾਰ ਦੀ ਹਰ ਵਸਤ ਕਿਸੇ ਹੋਰ ਵਸਤ ਨਾਲ ਜੁੜੀ ਹੋਈ ਹੈ। ਹਰ ਵਸਤ, ਹਰ ਜੀਵ ਅਪੂਰਨ ਹੈ। ਉਸ ਤੋਂ ਬਾਹਰ ਦੀ ਵਸਤ ਜਾਂ ਜੀਵ ਹੀ ਉਹਨੂੰ ਸੰਪੂਰਨ ਕਰਦੇ ਹਨ। ਸੂਰਜ, ਚੰਦ, ਤਾਰੇ ਸਭ ਇਕ-ਦੂਜੇ ਦੇ ਸਹਾਰੇ ਹੀ ਹੋਂਦ ਵਿਚ ਹਨ। ਕੁਦਰਤ ਦੇ ਆਕਰਸ਼ ਗੁਣ ਕਾਰਨ ਇਹ ਸਾਰੇ ਇਕ-ਦੂਜੇ ਨਾਲ ਜੁੜੇ ਹੋਏ ਹਨ ਤੇ ਉਦਕਰਖ ਗੁਣ ਦੇ ਕਾਰਨ ਇਕ-ਦੂਜੇ ਵਿਚ ਸਮਾ ਜਾਣ ਤੋਂ ਬਚੇ ਹੋਏ ਹਨ।

? ਬੰਦੇ ਦੀ ਜ਼ਿੰਦਗੀ 'ਚ ਈਮਾਨ ਦਾ ਧੁਰਾ ਕੀ ਹੁੰਦਾ ਹੈ।

-ਇਸ ਬਾਰੇ ਕੁਝ ਕਹਿਣ ਤੋਂ ਪਹਿਲਾਂ ਇਹ ਦੇਖਣਾ ਪਏਗਾ ਕਿ ਈਮਾਨ ਹੈ ਕੀ? ਕਿਸੇ ਪਰਾਸਰੀਰਕ ਵਸਤੂ ਤੇ ਈਮਾਨ? ਕਿਸੇ ਅਜਿਹੀ ਸ਼ਕਤੀ ਤੇ ਈਮਾਨ ਜਿਹੜੀ ਸਾਡੀ ਸਮਝ ਤੇ ਸਾਡੀ ਪਹੁੰਚ ਤੋਂ ਪਰੇ ਹੈ? ਮੇਰੇ ਖਿਆਲ ਅਨੁਸਾਰ ਅਜਿਹੀ ਕੋਈ ਚੀਜ਼ ਨਹੀਂ, ਨਾ ਅਜਿਹੀ ਸ਼ਕਤੀ ਦੀ ਹੋਂਦ ਦਾ ਕਿਸੇ ਨੂੰ ਕੁਝ ਪਤਾ ਹੈ। ਇਹ ਸਭ ਕੁਝ ਬੰਦੇ ਦੀ ਕਲਪਨਾ ਹੈ। ਕੋਈ ਬੰਦਾ ਕਲਪਿਤ ਸ਼ਕਤੀ ਦੀ ਗੱਲ ਤਾਂ ਕਰ ਸਕਦਾ ਹੈ ਤੇ ਉਹਦੇ ਭੈਅ ਵਿਚ ਵੀ ਵਿਚਰ ਸਕਦਾ ਹੈ, ਪਰ ਉਹ ਕਰਦਾ ਉਹ ਕੁਝ ਹੀ ਹੈ ਜਿਹੜਾ ਉਹਨੂੰ ਇਸ ਜੀਵਨ ਵਿਚ ਸਮਾਜਿਕ ਤੇ ਆਰਥਿਕ ਪੱਖ ਤੋਂ ਠੀਕ ਬੈਠਦਾ ਹੈ। ਹਰ ਜੀਵ ਨੂੰ ਦੁੱਖ ਲੱਗਦਾ ਹੈ ਤੇ ਹਰ ਜੀਵ ਸੁੱਖ ਵਿਚ ਰਹਿਣਾ ਚਾਹੁੰਦਾ ਹੈ, ਮੇਰਾ ਯਕੀਨ ਹੈ ਕਿ ਸੁੱਖ ਕਦੀ ਵੀ ਕਿਸੇ ਨੂੰ ਸਮੁੱਚੇ ਜੀਵਨ ਨਾਲੋਂ ਕੱਟ ਕੇ ਨਹੀਂ ਮਿਲ ਸਕਦਾ। ਜੇ ਸਾਡੇ ਆਲੇ-ਦੁਆਲੇ ਚੀਕਾਂ, ਪੁਕਾਰਾਂ ਹਨ ਤਾਂ ਅਸੀਂ ਇਸ ਸਭ ਕੁਝ ਤੋਂ ਅੱਖਾਂ ਮੀਟ ਕੇ ਖੁਸ਼ ਨਹੀਂ ਰਹਿ ਸਕਦੇ। ਜੇ ਸਾਡੇ ਆਲੇ-ਦੁਆਲੇ ਗੰਦ ਹੈ ਤਾਂ ਉਸ ਗੰਦ ਦਾ ਹਿੱਸਾ ਸਾਨੂੰ ਵੀ ਅਵੱਸ਼ ਮਿਲਦਾ ਹੈ। ਜੇ ਪ੍ਰਸੰਨ ਰਹਿਣਾ ਹੈ ਤਾਂ ਆਪਣੇ ਆਲੇ-ਦੁਆਲੇ ਪ੍ਰਸੰਨਤਾ ਦੇ ਬੀਜ ਬੀਜੋ। ਅਜਿਹਾ ਸਮਾਜ ਸਿਰਜਣ ਦੇ ਯਤਨਾਂ ਵਿਚ ਹਿੱਸਾ ਪਾਓ, ਜਿਸ ਵਿਚ ਹਰ ਤਰ੍ਹਾਂ ਦੀ ਸਮਾਜਿਕ ਤੇ ਆਰਥਿਕ ਬਰਾਬਰੀ ਹੋਵੇ ਤੇ ਮਜ਼੍ਹਬਾਂ, ਜਾਤਾਂ ਤੇ ਜਮਾਤਾਂ ਦੀਆਂ ਵੰਡੀਆਂ ਨਾ ਹੋਣ।

? ਉਮਰ ਦੇ ਇਸ ਪੜਾਅ 'ਤੇ ਪਹੁੰਚ ਕੇ ਤੁਹਾਡੇ ਵਾਸਤੇ ਅਣਮੁੱਲੀ ਚੀਜ਼ ਕੀ ਹੈ? ਕਿਹੜੀ ਚੀਜ਼ ਦੀ ਉਮਰ ਦੇ ਵਧਣ ਨਾਲ ਅਹਿਮੀਅਤ ਘਟਦੀ ਹੈ।

-ਉਮਰ ਦੇ ਇਸ ਪੜਾਅ 'ਤੇ ਪੁੱਜ ਕੇ ਮੇਰੇ ਲਈ ਉਹ ਹੀ ਅਨਮੋਲ ਘੜੀਆਂ ਹਨ, ਜਿਹੜੀਆਂ ਮੈਂ ਉਸ ਤਰ੍ਹਾਂ ਜੀਅ ਸਕਾਂ, ਜਿਸ ਤਰ੍ਹਾਂ ਮੈਂ ਜੀਣਾ ਚਾਹਿਆ ਸੀ ਤੇ ਜੀਵਨ ਦੀ ਗਾੜ੍ਹ ਮਾਰ ਤੇ ਖਲਜਗਣ ਵਿਚ ਜੀਅ ਨਹੀਂ ਸਕਿਆ ਸਾਂ। ਉਮਰ ਦੇ ਵਧਣ ਨਾਲ ਧਨ-ਦੌਲਤ ਦੀ ਅਹਿਮੀਅਤ ਘਟਦੀ ਹੈ ਤੇ ਚੰਗੀ ਸਿਹਤ ਦੀ ਅਹਿਮੀਅਤ ਵਧਦੀ ਹੈ।

? ਝੂਠੇ ਜਾਂਦੇ ਜਿੱਤ ਇੱਥੇ ਸੱਚੇ ਜਾਂਦੇ ਹਾਰ,
ਸੱਚੇ ਖਾਂਦੇ ਵੇਖੇ ਨੇ ਫਰੇਬੀਆਂ ਤੋਂ ਮਾਰ।
ਇਸ ਪ੍ਰਤੀ ਤੁਹਾਡੇ ਅਨੁਭਵ ਹੈ।

-ਝੂਠਿਆਂ ਦੀ ਜਿੱਤ ਵਕਤੀ ਹੁੰਦੀ ਹੈ। ਅੰਤ ਵਿਚ ਜਿੱਤ ਸੱਚ ਦੀ ਹੀ ਹੁੰਦੀ ਹੈ। ਸੱਚ ਦਾ ਆਪਣਾ ਹੀ ਨਸ਼ਾ ਹੁੰਦਾ ਹੈ। ਸੱਚ ਵਾਲੇ ਸੁਕਰਾਤ ਵਾਂਗ ਹੱਸਦੇ-ਹੱਸਦੇ ਜ਼ਹਿਰ ਪਿਆਲਾ ਵੀ ਪੀ ਲੈਂਦੇ ਹਨ। ਸੱਚ ਨੂੰ ਅਸਹਿ ਕਸ਼ਟ ਵੀ ਝੱਲਣੇ ਪੈਂਦੇ ਹਨ। ਅੰਤ ਵਿਚ ਸੱਚ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਹੱਸਦਾ ਹੈ ਤੇ ਝੂਠ ਰੋਂਦਾ-ਕੁਰਲਾਉਂਦਾ ਹੈ।

ਮੇਰੀ ਲੰਮੀ ਉਮਰ ਵਿਚ ਅਨੇਕਾਂ ਵੇਰ ਇੰਝ ਹੁੰਦਾ ਰਿਹਾ ਹੈ, ਜਿਵੇਂ ਕਿ ਧੋਖੇਬਾਜ਼ ਜਿੱਤ ਗਏ ਹੋਣ ਤੇ ਮੈਂ ਹਾਰ ਗਿਆ ਹੋਵਾਂ, ਪਰ ਸੱਚ ਦੀ ਅੰਤਮ ਜਿੱਤ ਵਿਚ ਮੇਰਾ ਵਿਸ਼ਵਾਸ ਸਦਾ ਕਾਇਮ ਰਿਹਾ ਹੈ। ਧੋਖੇਬਾਜ਼ ਝੂਠ ਦੀ ਜਿੱਤ ਵਿਚ ਯਕੀਨ ਕਰਕੇ ਆਪਣੇ-ਆਪ ਨੂੰ ਹੀ ਧੋਖਾ ਦਿੰਦੇ ਰਹੇ ਹਨ। ਅੰਤ ਉਹ ਆਪਣੇ ਵਿਛਾਏ ਝੂਠ ਦੇ ਜਾਲ ਵਿਚ ਆਪ ਹੀ ਫਸ ਜਾਂਦੇ ਰਹੇ ਹਨ। ਮੇਰਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਹੈ ਕਿ ਝੂਠ ਦੇ ਬੱਦਲ ਬਹੁਤੀ ਦੇਰ ਕਾਇਮ ਨਹੀਂ ਰਹਿ ਸਕਦੇ। ਰਾਤ ਭਾਵੇਂ ਕਿੰਨੀ ਕਾਲੀ ਤੇ ਭਿਆਨਕ ਹੋਵੇ, ਉਹਦਾ ਅੰਤ ਨਿਸ਼ਚਿਤ ਹੁੰਦਾ ਹੈ ਤੇ ਸਵੇਰ ਦੇ ਸੂਰਜ ਨੂੰ ਚੜ੍ਹਨੋਂ ਕੋਈ ਰੋਕ ਨਹੀਂ ਸਕਦਾ।

? ਕਿਹੜੀ ਗੱਲ ਨੇ ਵੱਧ ਤੋਂ ਵੱਧ ਖੁਸ਼ੀ ਤੇ ਵੱਧ ਤੋਂ ਵੱਧ ਦੁੱਖ ਦਿੱਤਾ ਤੁਹਾਨੂੰ ਜ਼ਿੰਦਗੀ 'ਚ।

-ਦੁੱਖ ਅਤੇ ਸੁੱਖ ਦੋਵੇਂ ਹੀ ਇਕ-ਦੂਜੇ ਦੇ ਪੂਰਕ ਹੁੰਦੇ ਹਨ। ਸੁੱਖ ਦਾ ਅਹਿਸਾਸ ਤਾਂ ਹੀ ਹੁੰਦਾ ਹੈ ਜੇ ਦੁੱਖ ਵੀ ਭੋਗਿਆ ਹੋਵੇ। ਸੁੱਖ ਦੀ ਪ੍ਰਾਪਤੀ ਦੁੱਖ ਦੇ ਅਹਿਸਾਸ ਵਿੱਚੋਂ ਹੀ ਪੈਦਾ ਹੁੰਦੀ ਹੈ। ਸੁੱਖ ਦੀ ਜਿਹੜੀ ਮਾਤਰਾ ਸੁਖੀ ਰਹੇ ਬੰਦੇ ਨੂੰ ਤੁੱਛ ਜੇਹੀ ਲਗਦੀ ਹੈ, ਉਹੀ ਮਾਤਰਾ ਸਦਾ ਦੁਖੀ ਰਹੇ ਬੰਦੇ ਨੂੰ ਵੱਡੀ ਲਗਦੀ ਹੈ। ਦੁੱਖ ਦੀ ਉਸੇ ਮਾਤਰਾ ਨੂੰ ਸਦਾ ਦੁਖੀ ਰਿਹਾ ਬੰਦਾ ਘੱਟ ਮਹਿਸੂਸ ਕਰਦਾ ਹੈ ਤੇ ਸਦਾ ਸੁਖੀ ਰਹੇ ਬੰਦੇ ਲਈ ਉਹੀ ਮਾਤਰਾ ਅਸਹਿਣਯੋਗ ਹੁੰਦੀ ਹੈ। ਮੇਰੇ ਜੀਵਨ ਵਿਚ ਵੀ ਅਨੇਕਾਂ ਦੁੱਖ ਆਏ ਪਰ ਮੇਰੇ ਉੱਤੇ ਉਨ੍ਹਾਂ ਦਾ ਅਸਰ ਨਾ ਮਾਤਰ ਹੀ ਹੋਇਆ, ਕਿਉਂਕਿ ਮੈਂ ਗਰੀਬੀ ਤੇ ਤੰਗਦਸਤੀ ਵਿਚ ਜੰਮਿਆ-ਪਲਿਆ ਸਾਂ।

ਨਿੱਜੀ ਤੌਰ 'ਤੇ ਤਾਂ ਮੈਨੂੰ ਉਦੋਂ ਬਹੁਤ ਖੁਸ਼ੀ ਮਿਲੀ ਸੀ, ਜਦੋਂ ਮੈਂ 16 ਕੁ ਸਾਲ ਦੀ ਉਮਰ ਵਿਚ 'ਪਹਿਲੀ ਕਿਰਨ ਪਿਅਰ ਦੀ' ਦੇਖੀ ਸੀ। ਉਸ ਕੁੜੀ ਨਾਲ ਨਾ ਮੈਂ ਕੋਈ ਗੱਲ ਕੀਤੀ ਸੀ, ਨਾ ਉਹਨੇ ਮੇਰੇ ਨਾਲ। ਬਸ ਉਹਦੀ ਪਿਆਰ ਦੀ ਇੱਕੋ ਤੱਕਣੀ ਨੇ ਮੇਰੇ ਸੁਪਨਿਆਂ ਨੂੰ ਸੁਨਹਿਰੇ ਬਣਾ ਦਿੱਤਾ ਸੀ। ਉਹ ਕੁੜੀ ਨਾ ਮੈਨੂੰ ਮੁੜ ਕਦੀ ਮਿਲੀ, ਨਾ ਮੈਂ ਹੀ ਉਹਨੂੰ ਲੱਭਣ ਦਾ ਯਤਨ ਕੀਤਾ। ਬੱਸ ਇਹੀ ਸੋਚ ਭਾਰੂ ਸੀ ਕਿ ਮੇਰੇ ਵਿਚ ਜ਼ਰੂਰ ਕੁਝ ਹੋਵੇਗਾ, ਜਿਹੜਾ ਉਹਨੂੰ ਚੰਗਾ ਲੱਗ ਗਿਆ। ਮੈਨੂੰ ਆਪਣਾ ਆਪ ਚੰਗਾ ਲੱਗਣ ਲੱਗ ਪਿਆ। ਕੁਝ ਹੋਣ, ਕੁਝ ਬਣਨ ਦੀ, ਕੁਝ ਕਰਨ ਦੀ ਲੋਚਾ ਮੇਰੇ ਜੀਵਨ ਦਾ ਧੁਰਾ ਬਣ ਗਈ।

ਵੱਧ ਤੋਂ ਵੱਧ ਦੁੱਖ ਮੈਨੂੰ ਉਦੋਂ ਹੋਇਆ ਸੀ, ਜਦ ਕੇਵਲ ਦੋ ਮਹੀਨੇ ਮੇਰੇ ਕੋਲ ਰਹਿ ਕੇ ਮੇਰੀ ਪਹਿਲੀ ਪਤਨੀ ਦੀ ਮੌਤ ਹੋ ਗਈ ਸੀ। ਉਹ ਦੁੱਖ ਚਿਰ-ਰਹਿਣਾ ਨਹੀਂ ਸੀ। ਗੁਰਬਾਣੀ, ਪ੍ਰੀਤ ਲੜੀ ਤੇ ਮਾਰਕਸੀ ਫਲਸਫੇ ਦੀ ਰੌਸ਼ਨੀ ਵਿਚ ਮੈਂ ਨਿੱਜ ਦੇ ਗਮ ਨੂੰ ਲੋਕਾਂ ਦੇ ਗਮ ਵਿਚ ਡੁਬਾਉਣਾ ਸਿੱਖ ਗਿਆ। ਕਰਕ ਕਲੇਜੇ ਵਿਚ ਤਾਂ ਰਹਿਣੀ ਸੀ ਤੇ ਉਹ ਹੁਣ ਵੀ ਕਾਇਮ ਹੈ।

? ਤੁਹਾਡੇ ਵਾਸਤੇ ਰੱਬ ਜਾਂ ਪ੍ਰਮਾਤਮਾ ਦੇ ਕੀ ਅਰਥ ਨੇ? ਕੀ ਇਹਨਾਂ ਅਰਥਾਂ ਨੂੰ ਕਿਸੇ ਪ੍ਰਸਥਿਤੀ ਨੇ ਹਿਲਾਇਆ-ਡੁਲਾਇਆ ਵੀ।

-ਰੱਬ ਤਾਂ ਬੰਦੇ ਦੀ ਸੋਚ ਦੀ ਹੱਦ ਤੋਂ ਅੱਗੇ ਦੀ ਕਲਪਨਾ ਹੈ। ਜਿਨ੍ਹਾਂ ਪ੍ਰਸਥਿਤੀਆਂ ਜਾਂ ਘਟਨਾਵਾਂ ਦੇ ਕਾਰਨ ਬੰਦੇ ਨੂੰ ਲੱਭਦੇ ਨਹੀਂ, ਉਨ੍ਹਾਂ ਨੂੰ ਉਹ ਕਿਸੇ ਪ੍ਰਾਸਰੀਰਕ ਹਸਤੀ ਦੀ ਦੇਣ ਮੰਨ ਲੈਂਦਾ ਹੈ। ਪ੍ਰਾਰੰਭਕ ਸਮਿਆਂ ਵਿਚ ਜਦੋਂ ਮਨੁੱਖ ਨੂੰ ਮੀਂਹ, ਹਨੇਰੀ, ਅੱਗ ਜਾਂ ਦਰਿਆਵਾਂ ਦੇ ਵਹਿਣ ਦੇ ਕਾਰਨਾਂ ਦਾ ਪਤਾ ਨਹੀਂ ਸੀ ਤਾਂ ਉਹ ਇਨ੍ਹਾਂ ਨੂੰ ਕਿਸੇ ਅਗੰਮੀ ਸ਼ਕਤੀ ਦੀ ਕਰੋਪੀ ਜਾਂ ਦੇਣ ਮੰਨ ਲੈਂਦਾ ਸੀ। ਅੱਜ ਦੇ ਸਮੇਂ ਵਿਗਿਆਨ ਨੇ ਜਦ ਬਹੁਤੀਆਂ ਅਜਿਹੀਆਂ ਗੱਲਾਂ ਦੇ ਕਾਰਨ ਲੱਭ ਲਏ ਹਨ ਤਾਂ ਮਨੁੱਖ ਦੀ ਸੋਚ ਇਨ੍ਹਾਂ ਤੋਂ ਉਪਰ ਉਠ ਗਈ ਹੈ। ਉਹ ਹੁਣ ਨਾ ਚੰਦ, ਸੂਰਜ ਤੇ ਤਾਰਿਆਂ ਨੂੰ ਦੇਵਤੇ ਮੰਨਦਾ ਹੈ ਤੇ ਨਾ ਉਹਦਾ ਕਿਸੇ ਪਰਾਸਰੀਰਕ ਸ਼ਕਤੀ ਤੇ ਵਿਸ਼ਵਾਸ ਰਹਿ ਗਿਆ ਹੈ। ਉਂਝ ਹਨੇਰ ਢੋਣ ਵਾਲੇ ਹਾਲੀਂ ਵੀ ਬਥੇਰੇ ਮਿਲ ਜਾਂਦੇ ਹਨ।

ਮੈਂ ਬਚਪਨ ਵਿਚ ਤਾਂ ਕਿਸੇ ਅਜਿਹੇ ਰੱਬ ਦੀ ਕਲਪਨਾ ਕਰਦਾ ਸਾਂ ਜਿਹੜਾ ਸਰੀਰਕ ਹੋਂਦ ਵਾਲਾ ਸੀ ਤੇ ਸਭ ਸ਼ਕਤੀਆਂ ਦਾ ਮਾਲਕ ਸੀ, ਪਰ ਜਦ ਮੈਂ ਗੁਰਬਾਣੀ ਦੇ ਗੂੜ੍ਹ ਨੂੰ ਸਮਝਣ-ਯੋਗ ਹੋ ਗਿਆ ਤਾਂ ਮੈਂ ਰੱਬ ਜਾਂ ਪ੍ਰਮਾਤਮਾ ਨੂੰ ਸਰੀਰ ਰਹਿਤ, ਸ਼ਕਲ ਰਹਿਤ, ਲਿੰਗ ਰਹਿਤ ਮੰਨਣ ਲੱਗ ਪਿਆ। ਸੋਚਦਾ ਸਾਂ, ਆਖਰ ਕੋਈ ਤਾਂ ਸ਼ਕਤੀ ਹੋਵੇਗੀ, ਜਿਸ ਨੇ ਦ੍ਰਿਸ਼ਟ-ਅਦ੍ਰਿਸ਼ਟ ਸਭ ਕੁਝ ਨੂੰ ਬਣਾਇਆ ਹੋਵੇਗਾ। ਹੌਲੀ-ਹੌਲੀ ਇਹ ਸੋਚ ਵੀ ਬੇਅਰਥ ਲੱਗਣ ਲੱਗ ਪਈ। ਇਹ ਜਾਣ ਗਿਆ ਸਾਂ ਕਿ ਅਸੀਂ ਜਿਹੜੇ ਗੁਣ ਪ੍ਰਮਾਤਮਾ ਵਿਚ ਦੇਖਦੇ ਹਾਂ ਉਹ ਤਾਂ ਮਾਦੇ ਭਾਵ ਪਦਾਰਥ ਦੇ ਆਪਣੇ ਗੁਣ ਹਨ। ਪਦਾਰਥ ਅਵਿਨਾਸ਼ੀ ਹੈ, ਅਨਾਦੀ ਹੈ, ਨਾ ਘਟਦਾ ਹੈ, ਨਾ ਵਧਦਾ ਹੈ, ਕੇਵਲ ਸ਼ਕਲਾਂ ਬਦਲਦਾ ਹੈ। ਚੇਤਨਾ ਵੀ ਮਾਦੇ ਦੀ ਹਰਕਤ ਵਿੱਚੋਂ ਪੈਦਾ ਹੁੰਦੀ ਹੈ, ਮਾਦਾ ਚੇਤਨਾ ਵਿੱਚੋਂ ਪੈਦਾ ਨਹੀਂ ਹੁੰਦਾ।

ਕੁੱਲ ਕਾਇਨਾਤ ਦੀ ਏਕਤਾ ਵਿਚ ਮੇਰਾ ਅਟੱਲ ਯਕੀਨ ਹੈ। ਸੂਰਜ, ਧਰਤੀ, ਚੰਦ, ਤਾਰੇ ਸਾਰੇ ਇੱਕ-ਦੂਜੇ ਦੀ ਹੋਂਦ ਦੇ ਸਹਾਰੇ ਕਾਇਮ ਹਨ, ਇੱਕ-ਦੂਜੇ ਦੀ ਆਕਰਸ਼ਣ ਵਿਚ ਬੱਝੇ ਹੋਏ ਹਨ। ਕਿਸੇ ਇੱਕ ਦੀ ਵੀ ਸੁਤੰਤਰ ਹੋਂਦ ਨਹੀਂ ਹੈ। ਮੈਂ ਜੋ ਕੁਝ ਵੀ ਹਾਂ, ਇਸ ਕੁੱਲ ਦਾ ਹਿੱਸਾ ਹਾਂ, ਇਹਦੇ ਵਿੱਚੋਂ ਹੀ ਪੈਦਾ ਹੋਇਆ ਹਾਂ ਤੇ ਇਹਦੇ ਵਿਚ ਅੰਤ ਸਮਾ ਜਾਵਾਂਗਾ। ਮੇਰੀ ਹੋਣੀ ਧਰਤੀ ਦੇ ਹਰ ਜੀਵ, ਅਜੀਵ ਬਣ ਤ੍ਰਿਣ ਨਾਲ ਜੁੜੀ ਹੋਈ ਹੈ। ਇਹੀ ਸਭ ਕੁੱਝ ਮੇਰਾ ਰੱਬ ਹੈ ਇਹਦੇ ਵਿਚ ਮੇਰਾ ਅਟੱਲ ਵਿਸ਼ਵਾਸ ਹੈ।

? ਰੱਬ 'ਤੇ ਜਾਂ ਰੱਬ ਦੇ ਨਾਂਅ 'ਤੇ ਹੱਕ ਜਿੰਨਾ ਸਾਧ ਰੱਖਦੇ ਨੇ, ਓਨਾ ਹੀ ਚੋਰ ਵੀ ਰੱਖਦੇ ਨੇ, ਤੁਹਾਡਾ ਕੀ ਪ੍ਰਤੀਕਰਮ ਹੈ ਇਸ ਪ੍ਰਤੀ।

-ਸਾਧ ਤੇ ਚੋਰ ਦੋਵੇਂ ਹੀ ਰੱਬ ਦੇ ਨਾਉਂ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਦੇ ਹਨ। ਜਿਹੋ ਜਿਹਾ ਕੋਈ ਆਪ ਹੁੰਦਾ ਹੈ, ਉਹੋ ਜਿਹਾ ਉਹ ਰੱਬ ਨੂੰ ਚਿਤਵ ਲੈਂਦਾ ਹੈ। ਫਿਰਕੂ ਦੰਗੇ, ਫਸਾਦ, ਕਤਲੋਗਾਰਤ ਤੇ ਗੁੰਡਾਗਰਦੀ ਸਭ ਰੱਬ ਦੇ ਨਾਉਂ ਹੇਠ ਚੱਲਦੇ ਹਨ। ਗੁਰਦੁਆਰਿਆਂ, ਮੰਦਰਾਂ ਤੇ ਮਸੀਤਾਂ ਵਿਚ ਕੀ-ਕੀ ਉਪੱਦ੍ਰਵ ਨਹੀਂ ਹੁੰਦੇ? ਆਪ ਤਾਂ ਰੱਬ ਤੋਂ ਕੋਈ ਨਹੀਂ ਡਰਦਾ, ਸਿਰਫ ਦੂਜਿਆਂ ਨੂੰ ਡਰਾਉਣ ਲਈ ਰੱਬ ਦਾ ਹਊਆ ਖੜਾ ਕਰ ਦਿੰਦੇ ਹਨ।

? ਸੰਵੇਦਨਸ਼ੀਲਤਾ ਦਾ ਇਨਸਾਨ ਦੀ ਨਿੱਜੀ ਜ਼ਿੰਦਗੀ 'ਚ ਨੈਗੇਟਿਵ ਤੇ ਪਾਜ਼ੇਟਿਵ ਪੱਖ ਕੀ ਹੈ।

-ਸੰਵੇਦਨਸ਼ੀਲ ਬੰਦਾ ਦੂਜੇ ਦੇ ਦੁੱਖ ਨੂੰ ਵੀ ਆਪਣੇ ਦੁੱਖ ਵਾਂਗ ਮਹਿਸੂਸ ਕਰਦਾ ਹੈ। ਸੰਵੇਦਨਾ ਰਹਿਤ ਬੰਦਾ ਆਪਣੇ ਦੁੱਖ ਨੂੰ ਤਾਂ ਵਧਾ ਕੇ ਪੇਸ਼ ਕਰਦਾ ਹੈ ਤੇ ਦੂਜੇ ਦੇ ਦੁੱਖ ਨੂੰ ਦੁੱਖ ਹੀ ਨਹੀਂ ਮੰਨਦਾ। ਸੰਵੇਦਨਸ਼ੀਲ ਬੰਦਾ ਕਈ ਵਾਰ ਆਪਣੇ ਨਿੱਜੀ ਦੁੱਖ ਨੂੰ ਭੁੱਲ ਕੇ ਦੂਜਿਆਂ ਦੇ ਜ਼ਖਮਾਂ 'ਤੇ ਮਰਹਮ ਲਾਉਂਦਾ ਹੈ। ਇਹ ਸੰਵੇਦਨਾ ਹੀ ਬੰਦੇ ਨੂੰ ਬੰਦਾ ਬਣਾਉਂਦੀ ਹੈ, ਇਸ ਬਿਨਾਂ ਬੰਦਾ ਪਸ਼ੂ ਵੀ ਨਹੀਂ ਹੁੰਦਾ, ਕਿਉਂਕਿ ਪਸ਼ੂਆਂ ਵਿਚ ਵੀ ਸੰਵੇਦਨਾ ਹੁੰਦੀ ਹੈ। ਸੰਵੇਦਨਸ਼ੀਲਤਾ ਦੀ ਵੀ ਇੱਕ ਹੱਦ ਹੁੰਦੀ ਹੈ। ਹੱਦੋਂ ਟੱਪੀ ਸੰਵੇਦਨਸ਼ੀਲਤਾ ਕਈ ਵਾਰ ਦੁਖਾਂਤ ਦਾ ਕਾਰਨ ਵੀ ਬਣ ਜਾਂਦੀ ਹੈ। ਕਿਸੇ ਦਾ ਇਸ ਲਈ ਮੌਤ ਨੂੰ ਗਲੇ ਲਾ ਲੈਣਾ ਕਿ ਉਸ ਦਾ ਕੋਈ ਅਤਿ ਪਿਆਰਾ ਬੰਦਾ ਮਰ ਗਿਆ ਹੈ ਜਾਂ ਉਸ ਨੂੰ ਕਿਸੇ ਅਤਿ ਇੱਛਤ ਵਸਤ ਦੀ ਪ੍ਰਾਪਤੀ ਨਹੀਂ ਹੋਈ, ਇਹ ਅਤਿ ਦੀ ਸੰਵੇਦਨਸ਼ੀਲਤਾ ਹੁੰਦੀ ਹੈ।

? ਤੁਹਾਡੇ ਖਿਆਲ ਮੁਤਾਬਿਕ ਅੱਜ ਦੇ ਦੌਰ 'ਚ ਇਨਸਾਨ ਝੂਠ ਨੂੰ ਰੋਜ਼ਾਨਾ ਜ਼ਿੰਦਗੀ 'ਚ ਕਿੰਨੀ ਕੁ ਹੱਦ ਤੱਕ ਵਰਤਦਾ ਹੈ? ਕੋਈ ਨਿੱਜੀ ਤਜਰਬਾ ਦੱਸੋ।

-ਇਸ ਵੇਲੇ ਤਾਂ 'ਕੂੜ ਫਿਰੇ ਪ੍ਰਧਾਨ ਵੇ ਲਾਲੋ' ਵਾਲੀ ਗੱਲ ਹੈ। ਮੈਨੂੰ ਝੂਠ ਨਾਲ ਸਖਤ ਨਫਰਤ ਹੈ ਤੇ ਸੱਚ ਨਾਲ ਅਥਾਹ ਪਿਆਰ, ਪਰ ਉਹ ਝੂਠ ਝੂਠ ਨਹੀਂ ਹੁੰਦਾ, ਜਿਹੜਾ ਸੱਚ ਲਈ ਬੋਲਿਆ ਜਾਵੇ, ਜਿਹੜਾ ਨਿਸ਼ਕਾਮ ਹੋਵੇ ਤੇ ਜਿਸ ਨਾਲ ਆਪਣਾ ਕੋਈ ਨਿੱਜੀ ਲਾਭ ਨਾ ਜੁੜਿਆ ਹੋਵੇ, ਪਰ ਕਿਸੇ ਵੇਲੇ ਅਜਿਹਾ ਸੱਚ ਵੀ ਝੂਠ ਵਰਗਾ ਬਣ ਜਾਂਦਾ ਹੈ, ਜਿਸ ਨਾਲ ਸੱਚ ਨੂੰ ਨੁਕਸਾਨ ਪੁੱਜਦਾ ਹੋਵੇ।

ਨਿੱਜੀ ਤਜਰਬਾ ਕਿਹੜਾ ਦੱਸਾਂ? ਰੋਜ਼ ਤਾਂ ਝੂਠ ਨਾਲ ਵਾਹ ਪੈਂਦਾ ਹੈ। ਸੱਚੇ ਬੰਦੇ ਵਿਚ ਇਹ ਕਮਜ਼ੋਰੀ ਹੁੰਦੀ ਹੈ ਕਿ ਉਹ ਦੂਜਿਆਂ ਨੂੰ ਵੀ ਬਹੁਤੀ ਵੇਰ ਆਪਣੇ ਵਰਗਾ ਹੀ ਸਮਝ ਲੈਂਦਾ ਹੈ। ਮੈਂ ਵੀ ਇਸ ਕਮਜ਼ੋਰੀ ਦੇ ਸਿੱਟੇ ਕਈ ਵਾਰ ਭੁਗਤੇ ਹਨ।

? ਕੀ ਹੁੰਦਾ ਹੈ ਤੇ ਕੀ।

-ਅੰਗਰੇਜ਼ੀ ਦੇ ਸ਼ਬਦ ਤੇ ਦੋਵੇਂ ਲੱਗਭੱਗ ਸਮਾਨਅਰਥੀ ਹਨ; ਮਨ ਦਾ ਮਿੱਤਰ, ਦਿਲੀ ਦੋਸਤ, ਆਤਮਿਕ ਆੜੀ ਜਾਂ ਕੇਵਲ ਇੱਕੋ-ਇੱਕ ਮਿੱਤਰ, ਦੋਸਤ ਜਾਂ ਆੜੀ।

? ਆਮ ਤੌਰ 'ਤੇ ਤੁਸੀਂ ਹੱਸਦੇ/ਹਸਾਉਂਦੇ ਦਿਸਦੇ ਹੋ, ਕਿਉਂ।

-ਮੌਤ ਸੋਚਦਾ ਹਾਂ ਹਰ